# ਆਤਮ ਰੰਗ

ਜਿਲਦ ੨੪ ਮਈ 2023 ਵੈਸਾਖ-ਜੇਠ 555 ਨਾਨਕਸ਼ਾਹੀ May 2023 ਅੰਕ 5

## ਗੁਰਦੁਆਰਾ ਡੇਰਾ ਸਾਹਿਬ, ਲਾਹੌਰ, ਪਾਕਿਸਤਾਨ



ਗੁਰਦੁਆਰਾ ਡੇਰਾ ਸਾਹਿਬ, ਪਾਕਿਸਤਾਨ ਉਹ ਸਥਾਨ ਹੈ ਜਿੱਥੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨੂੰ ਭਾਰੀ ਤਸੀਹੇ ਦੇ ਕੇ ਸ਼ਹੀਦੀ ਕੀਤਾ ਗਿਆ ਸੀ। ਉਨ੍ਹਾਂ ਦੀ ਸ਼ਹੀਦੀ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 20.05.2023 ਤੋਂ ਲੈ ਕੇ 24.05.2023 ਤੱਕ ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋੜ, ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ। ਜਿਸਦਾ ਵੇਰਵਾ ਪੇਜ ਨੰ. 39 ਤੇ ਦਿੱਤਾ ਗਿਆ ਹੈ, ਸੰਗਤਾਂ ਨੋਟ ਕਰਨ ਜੀ।

## ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥








ਅਖੰਡ ਕੀਰਤਨ ਸਮਾਗਮ, ਮਿਤੀ 30.03.2023 ਤੋਂ ਲੈ ਕੇ 02.04.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਬਾਬਾ ਬਕਾਲਾ ਸਾਹਿਬ ਵੱਲੋਂ ਗੁਰਦੁਆਰਾ ਭੋਰਾ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ।ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਜਿਲਦ ੨੪ | ਮਈ 2023 | ਵੈਸਾਖ-ਜੇਠ 555 ਨਾਨਕਸ਼ਾਹੀ | May 2023 | ਅੰਕ 5


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**

*ਭਾਈ ਕੁਲਵੰਤ ਸਿੰਘ, ਕਾਕੀ ਪਿੰਡ*
*ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ*
*ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ*
*ਭਾਈ ਗੁਰਬੱਚਨ ਸਿੰਘ, ਦਿਆਲਪੁਰ*
*ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ*
*ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ*

**ਕਾਨੂੰਨੀ ਸਲਾਹਕਾਰ**
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।


"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**


*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਡਾ. ਤਾਰਨ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ 9
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਗੁਰਸਿੱਖੀ ਦਾ ਆਦਰਸ਼ਕ ਸਰੂਪ 10
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਨਿਮਰਤਾ ਕੀ ਹੈ ? 13
  *– ਡਾ. ਗੋਬਿੰਦ ਸਿੰਘ ਜੀ ਮਨਸੁਖਾਨੀ*
- ਅਨਹਦ ਸ਼ਬਦ – ਦਸਮ ਦੁਆਰ 14
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸੰਗਤ ਕੀਨੀ ਖਾਲਸਾ 16
  *– ਪ੍ਰਿੰਸੀਪਲ ਜੋਗਿੰਦਰ ਸਿੰਘ ਜੀ*
- ਸਦਾ ਅੰਗ ਸੰਗੇ 18
  *– ਗੁਰਪੁਰਵਾਸੀ ਭਾਈ ਜਸਵੀਰ ਸਿੰਘ ਜੀ ਖਾਲਸਾ*
- ਮੈ ਆਪਣਾ ਗੁਰੁ ਪੂਛਿ ਦੇਖਿਆ 22
  *– ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ*
- ਸੱਚੀਆਂ ਦਾੜ੍ਹੀਆਂ 23
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਗੁਹਜ ਰਤਨ ਵਾਹਿਗੁਰੂ ਦਾ ਨਾਮ 26
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਗੁਰੂ ਅਰਜਨ ਸਾਹਿਬ ਦਾ ਜੀਵਨ–ਸਿਧਾਂਤ 27
  *– ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ*
- ਕਿਰਤ–ਕਰਮ 31
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸੇਵਾ ਦੇ ਪੁੰਜ – ਸ੍ਰੀ ਗੁਰੂ ਅਮਰਦਾਸ ਜੀ 34
  *– ਪ੍ਰਿੰਸੀਪਲ ਸੱਜਣ ਸਿੰਘ ਜੀ*

## ਸੰਪਾਦਕੀ...

ਮਈ ਦਾ ਮਹੀਨਾ ਸਾਰੀ ਮਨੁੱਖਤਾ ਨੂੰ ਭਾਣਾ ਮੰਨਣ ਦੀ ਜਾਚ ਸਿਖਾਉਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤਿ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਤੱਤੀ ਤਵੀ 'ਤੇ ਬੈਠ ਕੇ, ਸੀਸ ਵਿਚ ਤੱਤਾ ਰੇਤਾ ਪੁਆ ਕੇ, ਭਾਣਾ ਮੰਨਣ ਦੀ ਜਾਚ ਸਿਖਾਈ। ਆਪਣੇ ਬਚਨਾਂ ਨੂੰ ਪ੍ਰਤੱਖ ਰੂਪ ਵਿਚ ਪ੍ਰਗਟ ਕਰ ਦਿਖਾਇਆ। *'ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (ਅੰਗ-੩੯੪) ' ਅਤੇ 'ਮਨ ਰੇ ਗੁਰ ਕੀ ਕਾਰ ਕਮਾਇ ॥ ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥' (ਅੰਗ-੬੬)*

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*

*ਅੰਗ - ੧*

ਸ਼ਹਾਦਤ ਦੇ ਸ਼ਬਦ ਨੂੰ ਅਮਲ ਵਿਚ ਉਤਾਰਨ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕੀਤਾ ਅਤੇ ਇਨ੍ਹਾਂ ਰਾਹਾਂ ਤੇ ਚਲਦਿਆਂ ਗੁਰੂ ਤੇਗ ਬਹਾਦਰ ਜੀ ਨੇ ਅਦੁੱਤੀ ਇਤਿਹਾਸ ਸਿਰਜਿਆ ਅਤੇ ਇਨ੍ਹਾਂ ਹੀ ਪੂਰਨਿਆਂ ਤੇ ਚਲਦਿਆਂ ਅਨੇਕਾਂ ਸਿੱਖਾਂ/ਸਿੰਘਾਂ/ਸਿੰਘਣੀਆਂ ਨੇ ਆਪਣਾ ਲਹੂ ਡੋਲ੍ਹ ਕੇ ਇਕ ਅਜਿਹਾ ਮਹੱਲ ਉਸਾਰਿਆ ਜਿਸ ਦਾ ਗਵਾਹ ਸਿੱਖ ਇਤਿਹਾਸ ਹੈ।

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੀ ਪੰਜਵੀਂ ਨਾਨਕ ਜੋਤਿ ਹਨ। ਆਪ ਜੀ ਦਾ ਪ੍ਰਕਾਸ਼ ੧੫੬੩ ਈ. ਨੂੰ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਦੇ ਸਥਾਨ 'ਤੇ ਹੋਇਆ। ਆਪ ਜੀ ਦਾ ਬਚਪਨ ਬਿਆਸ ਦਰਿਆ ਦੇ ਕੰਢੇ 'ਤੇ ਖੇਡਦਿਆਂ ਬਤੀਤ ਹੋਇਆ। ਬਾਣੀ ਰਚਨ ਦੀ ਦਾਤ ਆਪ ਜੀ ਨੂੰ ਵਿਰਸੇ ਤੋਂ ਹੀ ਪ੍ਰਾਪਤ ਹੋਈ। ਆਪ ਜੀ ਦੀ ਚੇਤਨ ਬੁੱਧੀ ਨੂੰ ਦੇਖਦੇ ਹੋਏ ਆਪ ਜੀ ਦੇ ਨਾਨਾ ਗੁਰੂ ਤੀਸਰੇ ਪਾਤਸ਼ਾਹ ਨੇ ਬਚਨ ਕੀਤੇ ਸਨ -

*ਦੋਹਿਤਾ ਬਾਣੀ ਕਾ ਬੋਹਿਥਾ।*

ਆਪ ਜੀ ਨੇ ਬਹੁਤ ਜਲਦੀ ਬਾਬਾ ਬੁੱਢਾ ਜੀ ਦੀ ਦੇਖ-ਰੇਖ ਅਤੇ ਭਾਈ ਗੁਰਦਾਸ ਜੀ ਦੇ ਸੰਗ-ਸਾਥ ਨਾਲ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਨੂੰ ਪੂਰੀ ਤਰ੍ਹਾਂ ਸਿੱਖ ਲਿਆ ਸੀ। ੧੫੮੧ ਈ. ਵਿਚ ਆਪ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ। ਜਦੋਂ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਲ ਨਜ਼ਰ ਮਾਰਦੇ ਹਾਂ ਤਾਂ ਸੱਚ, ਸ਼ਾਂਤੀ, ਧੀਰਜ ਅਤੇ ਧਰਮ ਦਾ ਦਰਿਆ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ।

੧੬੦੬ ਈ. ਵਿਚ ਆਪ ਜੀ ਨੇ ਸ਼ਹਾਦਤ ਦੇ ਕੇ ਸਿੱਖ ਧਰਮ ਵਿਚ ਸ਼ਹਾਦਤ ਦੀ ਪਰੰਪਰਾ ਦਾ ਮੁੱਢ ਬੰਨ੍ਹਿਆ। ਸ਼ਹਾਦਤ ਦੇ ਕਾਰਨਾਂ ਦੀ ਵਰਗ ਵੰਡ ਦੇਖਣ ਤੋਂ ਪਤਾ ਲਗਦਾ ਹੈ ਕਿ ਸ਼ਹਾਦਤ ਦੇ ਘਰੇਲੂ, ਰਾਜਸੀ ਅਤੇ ਧਾਰਮਿਕ ਕਈ ਕਾਰਨ ਸਾਹਮਣੇ ਆਉਂਦੇ ਹਨ। ਪਰ ਪ੍ਰਮੁੱਖ ਕਾਰਨ ਮੁਸਲਿਮ ਹਾਕਮਾਂ ਦੀ ਧਾਰਮਿਕ ਕੱਟੜਤਾ ਸੀ। ਸਿੱਖੀ ਦਾ ਪ੍ਰਚਾਰ, ਪ੍ਰਸਾਰ ਅਤੇ ਗਿਆਨ ਦੇ ਸੂਰਜ ਦਾ ਪ੍ਰਕਾਸ਼ ਗੁਰਬਾਣੀ ਦੇ ਰੂਪ ਵਿਚ ਹੋ ਰਿਹਾ ਸੀ। ਧਾਰਮਿਕ ਕੱਟੜਤਾ ਦੇ ਸ਼ਿਕਾਰ ਹੋਏ ਮੌਕੇ ਦੇ ਬਾਦਸ਼ਾਹ ਜਹਾਂਗੀਰ ਅਤੇ ਹੋਰ ਕੱਟੜ ਮੁੱਲਾਂ-ਮੁਲਾਣਿਆਂ ਨੂੰ ਇਹ ਨਹੀਂ ਸੀ ਭਾਉਂਦਾ।

੧੫੮੯ ਈ. ਨੂੰ ਗੁਰੂ ਸਾਹਿਬ ਦੇ ਗੁਰੂ ਪਿਤਾ ਗੁਰੂ ਰਾਮਦਾਸ ਜੀ ਵਲੋਂ ਤਿਆਰ ਕੀਤੇ ਅੰਮ੍ਰਿਤ ਸਰੋਵਰ ਅਤੇ ਵਿਚਕਾਰ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾਈ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ੪ ਦਰਵਾਜੇ ਰੱਖੇ ਗਏ ਜੋ ਕਿ ਸਭ ਧਰਮਾਂ ਦੇ ਲੋਕਾਂ ਨੂੰ ਬਰਾਬਰ ਪਿਆਰ ਨਾਲ ਗਲੇ ਲਗਾਉਣ ਦਾ ਸੂਚਕ ਸੀ। ਗੁਰੂ ਅਰਜਨ ਦੇਵ ਜੀ ਦਾ ਵਿਸ਼ੇਸ਼ ਵਿਲੱਖਣ ਕਾਰਜ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ। ਸਿੱਖ ਧਰਮ ਸਰਬ ਸਾਂਝਾ ਧਰਮ ਪ੍ਰਵਾਨ ਹੋ ਰਿਹਾ ਸੀ। ਦਿਨ ਪ੍ਰਤੀ ਦਿਨ ਇਸ ਦੀ ਹਰਮਨ ਪਿਆਰਤਾ ਵਧ ਰਹੀ ਸੀ। ਹਰ ਮਜ਼੍ਹਬ ਨਾਲ ਸਬੰਧ ਰੱਖਣ ਵਾਲੀਆਂ ਸੰਗਤਾਂ ਦੂਰੋਂ ਨੇੜਿਓਂ ਚਲ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਜੀਵਨ ਸਫਲ ਕਰ ਰਹੀਆਂ ਸਨ। ਇਸ ਲੋਕ ਪਿਆਰਤਾ ਨੇ ਵਿਰੋਧੀਆਂ ਵਿਚ ਗੁਰੂ ਘਰ ਪ੍ਰਤੀ ਈਰਖਾ ਅਤੇ ਸਾੜੇ ਦੀ ਭਾਵਨਾ ਭਰ ਦਿਤੀ। ੧੬੦੫ ਈ. ਨੂੰ ਅਕਬਰ ਦੇ ਚੜ੍ਹਾਈ ਕਰਨ ਉਪਰੰਤ ਉਸ ਦੇ ਬੇਟੇ ਜਹਾਂਗੀਰ ਨੇ ਅਕਬਰ ਦੀ ਸ਼ਹਿਨਸ਼ੀਲਤਾ ਦੀ ਨੀਤੀ ਨੂੰ ਤਿਲਾਂਜਲੀ ਦੇ ਕੇ ਕੱਟੜਪੁਣੇ ਦੀ ਨੀਤੀ ਅਪਣਾ ਲਈ। ਸਭ ਤੋਂ ਵੱਡੀ ਭੂਮਿਕਾ ਨਕਸ਼ਬੰਦੀ ਸਿਲਸਿਲਾ ਨਿਭਾ ਰਿਹਾ ਸੀ। ਨਕਸ਼ਬੰਦੀ ਸਿਲਸਿਲੇ ਦਾ ਮੁਖੀ ਸ਼ੇਖ ਅਹਿਮਦ ਸਰਹਿੰਦੀ ਸੀ ਜਿਹੜਾ ਕਿ ਅਕਬਰ ਦੀ ਉਦਾਰ ਨੀਤੀ ਦਾ ਵੱਡਾ ਵਿਰੋਧੀ ਸੀ। ਉਸ ਦਾ ਨਿਸ਼ਾਨਾ ਪੰਜਾਬ ਦੀ ਧਰਤੀ ਨੂੰ ਇਸਲਾਮ ਵਿਚ ਤਬਦੀਲ ਕਰਨਾ ਸੀ ਪਰ ਸਿੱਖ ਧਰਮ ਦੀ ਹਰਮਨ ਪਿਆਰਤਾ ਉਸ ਲਈ ਅਸਹਿ ਹੋ ਰਹੀ ਸੀ। ਜਹਾਂਗੀਰ ਇਸ ਨਕਸ਼ਬੰਦੀ ਸਿਲਸਿਲੇ ਦੇ ਪ੍ਰਭਾਵ ਵਿਚ ਸੀ। ਜਹਾਂਗੀਰ ਖੁਦ ਕੱਟੜਪੰਥੀ ਸੀ ਤੇ ਇਹੋ ਜਿਹੇ ਬੰਦਿਆਂ ਦਾ ਪ੍ਰਭਾਵ ਹੀ ਕਬੂਲਦਾ ਸੀ। ਇਸ ਦਾ ਪ੍ਰਗਟਾਵਾ ਤੁਜ਼ਕੇ-ਜਹਾਂਗੀਰੀ' ਤੋਂ ਸਹਿਜੇ ਹੀ ਲੱਗ ਜਾਂਦਾ ਹੈ।

ਨੇਕ ਮੁਸਲਮਾਨਾਂ ਦਾ ਗੁਰੂ ਘਰ ਪ੍ਰਤੀ ਅਥਾਹ ਪਿਆਰ ਤੇ ਗੁਰੂ ਜੀ ਦੇ ਉਪਾਸਕ ਬਣਨਾ ਜਹਾਂਗੀਰ ਨੂੰ ਨਹੀਂ ਸੀ

ਭਾਉਂਦਾ। ਖੁਸਰੋ ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ, ਐਨਾ ਕੱਟੜ ਨਹੀਂ ਸੀ, ਸਗੋਂ ਆਪਣੇ ਦਾਦੇ ਅਕਬਰ ਵਾਂਗੂੰ ਸਹਿਨਸ਼ੀਲ ਸੀ। ਜਹਾਂਗੀਰ ਨੇ ਇਸ ਨੂੰ ਆਗਰੇ ਦੀ ਜੇਲ੍ਹ ਵਿਚ ਬੰਦ ਕਰ ਦਿਤਾ ਕਿਉਂਕਿ ਇਸ ਨੂੰ ਆਪਣੇ ਹੀ ਬੇਟੇ ਤੋਂ ਗੱਦੀ ਖੁਸਣ ਦਾ ਖਤਰਾ ਨਜ਼ਰ ਆ ਰਿਹਾ ਸੀ। ਬੇਟੇ ਨੇ ਬਗਾਵਤ ਦਾ ਐਲਾਨ ਕਰ ਦਿਤਾ। ਉਹ ਜੇਲ੍ਹ ਤੋਂ ਭੱਜ ਗਿਆ। ਬਾਅਦ ਵਿਚ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਵਾ ਕੇ ਸਖਤ ਸਜ਼ਾ ਦਿਤੀ ਗਈ, ਪਰ ਪੰਜਾਬ ਵਿਚ ਲੰਘਣ ਸਮੇਂ ਸੱਚੇ ਪਾਤਸ਼ਾਹ ਕੋਲ ਲੰਗਰ ਛਕਣਾ, ਗੋਇੰਦਵਾਲ ਸਾਹਿਬ ਠਹਿਰਨਾ, ਆਦਿ, ਦੋਸ਼ ਲਾਏ ਗਏ। ਪਰ ਗੁਰੂ ਸਾਹਿਬ ਨੇ ਹਲੀਮੀ ਨਾਲ ਜਵਾਬ ਦਿੰਦਿਆਂ ਕਿਹਾ ਕਿ ਇਹ ਗੁਰੂ ਨਾਨਕ ਦਾ ਦਰ ਸਰਬ ਸਾਂਝਾ ਹੈ ਇਥੇ ਕੋਈ ਵੀ ਆ-ਜਾ ਸਕਦਾ ਹੈ। ਆਦਿ ਗੁਰੂ ਗ੍ਰੰਥ ਸਾਹਿਬ ਅੰਦਰ ਮੁਹੰਮਦ ਸਾਹਿਬ ਦੀ ਤਾਰੀਫ ਲਿਖਣ ਤੋਂ ਗੁਰੂ ਸਾਹਿਬ ਵਲੋਂ ਇਸ ਨੂੰ ਪ੍ਰਵਾਨ ਨਾ ਕਰਨਾ ਸ਼ਹੀਦੀ ਦੇ ਸਹਾਇਕ ਕਾਰਨਾਂ ਵਿਚੋਂ ਇਕ ਸੀ। ਰਾਜਨੀਤੀ ਦੇ ਨਸ਼ੇ ਵਿਚੋਂ ਅੰਨ੍ਹੇ ਹੋਏ ਜਹਾਂਗੀਰ ਨੇ ਸੱਚੇ ਪਾਤਸ਼ਾਹ ਨੂੰ 'ਯਾਸਾ' ਦੇ ਅਧੀਨ ਸਜ਼ਾ ਦੇ ਕੇ ਸ਼ਹੀਦ ਕਰਨ ਦੇ ਹੁਕਮ ਦੇ ਦਿਤੇ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਨਾਲ ਸਿੱਖ ਧਰਮ ਵਿਚ ਸ਼ਹਾਦਤਾਂ ਦਾ ਦੌਰ ਸ਼ੁਰੂ ਹੋ ਗਿਆ ਅਤੇ ਸਿੱਖਾਂ ਵਿਚ ਇਕ ਨਵੀਂ ਚੇਤਨਾ ਪੈਦਾ ਹੋ ਗਈ। ਸ਼ਹਾਦਤ ਤੋਂ ਥੋੜ੍ਹੇ ਸਮੇਂ ਪਿੱਛੋਂ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਸਿੱਖ ਕੌਮ ਵਿਚ ਸਥਾਪਿਤ ਕਰਕੇ ਉਹਨਾਂ ਅੰਦਰ ਸਵੈ-ਮਾਨ ਹਿਤ ਮਰ-ਮਿਟਣ ਦਾ ਜਜ਼ਬਾ ਪੈਦਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਰਾਹੀਂ ੧੬੯੯ ਦੀ ਵਿਸਾਖੀ 'ਤੇ ਖਾਲਸੇ ਦੀ ਸਿਰਜਨਾ ਇਸੇ ਸਿਧਾਂਤ ਦੀ ਪੂਰਨਤਾ ਸੀ।

ਆਪ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਂਦਿਆਂ ਕੇਵਲ ਛਬੀਲਾਂ ਲਾਉਣ ਤੱਕ ਹੀ ਸੀਮਤ ਨਾ ਰਹੀਏ ਬਲਕਿ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ '***ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥***' ਜੀਵਨ ਸਫਲ ਕਰੀਏ। ਗੁਰਸਿੱਖੀ ਧਾਰਨ ਕਰਕੇ ਆਪਣਾ ਆਕੀਦਾ ਤੇ ਸ਼ਰਧਾ ਭੇਟ ਕਰੀਏ ਤਾਂ ਜੋ ਸਾਡੇ ਵਲੋਂ ਮਨਾਏ ਜਾਂਦੇ ਸ਼ਹੀਦੀ ਦਿਵਸ ਸਫਲ ਹੋ ਸਕਣ ਤੇ ਅਸੀਂ ਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਏ।

# ਬਾਰਹ ਮਾਹ ਕਥਾ

*[ਡਾ. ਤਾਰਨ ਸਿੰਘ ਜੀ, ਪਟਿਆਲਾ]*

***ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।। ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥***
***ਅੰਗ - 134***

**ਅਰਥ**

ਬਾਰਹਮਾਹਾ ਮਾਝ ਦੀ ਇਸ ਪਉੜੀ ਦੇ ਸਰਲ ਅੱਖਰੀ ਅਰਥ ਇਸ ਪ੍ਰਕਾਰ ਹਨ -

1) ਜੇਠ ਦੇ ਮਹੀਨੇ, ਭਾਵ ਜੀਵਨ ਵਿਚ ਹਰੀ ਪਰਮਾਤਮਾ ਨਾਲ ਜੁੜਨਾ ਚਾਹੀਦਾ ਹੈ, ਉਸ ਪਰਮਾਤਮਾ ਨਾਲ, ਜਿਸ ਦੇ ਸਾਹਮਣੇ ਸਾਰੀ ਸ੍ਰਿਸ਼ਟੀ ਦੇ ਜੀਵ ਝੁਕਦੇ ਹਨ।

2) ਜੇ ਪਰਮਾਤਮਾ ਸੱਜਣ ਦਾ ਪੱਲਾ ਪਕੜ ਲਈਏ ਤਾਂ ਕੋਈ ਤਾਕਤ ਸਾਨੂੰ ਦੁਖੀ ਨਹੀਂ ਕਰ ਸਕਦੀ।

3) ਪਰਮਾਤਮਾ ਦਾ ਨਾਮ ਐਸਾ ਧਨ (ਮਾਣਕ ਮੋਤੀ) ਹੈ ਜਿਸ ਨੂੰ ਕੋਈ ਸੰਨ੍ਹ ਮਾਰ ਕੇ ਸਾਡੇ ਹਿਰਦੇ ਵਿੱਚੋਂ ਚੁਰਾ ਨਹੀਂ ਸਕਦਾ।

4) ਸਾਰਾ ਜਗਤ ਤਮਾਸ਼ਾ ਪਰਮਾਤਮਾ ਦਾ ਹੀ ਹੈ ਜੋ ਕਿ ਮਨ ਨੂੰ ਚੰਗਾ ਲੱਗਦਾ ਹੈ।

5) ਜੋ ਹਰੀ ਪਰਮਾਤਮਾ ਚਾਹੁੰਦਾ ਹੈ, ਉਹ ਕਰਦਾ ਹੈ, ਤੇ ਜੋ ਉਹ ਚਾਹੁੰਦਾ ਹੈ ਜੀਵ ਵੀ ਉਹ ਕੁਝ ਹੀ ਕਰਦੇ ਹਨ।

6) ਉਹ ਜੀਵ ਧੰਨ ਹਨ ਜਿਨ੍ਹਾਂ ਨੂੰ ਪਰਮਾਤਮਾ ਨੇ ਆਪਣਾ ਬਣਾ ਲਿਆ ਹੈ।

7) ਜੇ ਪ੍ਰਭੂ ਆਪਣੇ ਯਤਨ ਨਾਲ ਮਿਲ ਸਕਦਾ ਹੋਵੇ ਤਾਂ ਜੀਵ, ਉਸ ਤੋਂ ਵਿਛੜ ਕੇ ਦੁਖੀ ਕਿਉਂ ਹੋਣ?

8) ਉਹ ਤਾਂ ਗੁਰੂ ਦੀ ਸੰਗਤ ਨਾਲ ਮਿਲਦਾ ਹੈ ਤੇ ਜੋ ਗੁਰੂ ਦੀ ਸੰਗਤ ਵਿਚ ਹਨ ਉਹ ਪਰਮਾਤਮਾ ਦੇ ਪ੍ਰੇਮ ਦਾ ਰੰਗ ਮਾਣਦੇ ਹਨ।

9) ਉਸ ਜੀਵ-ਇਸਤਰੀ ਲਈ ਜੇਠ ਦਾ ਮਹੀਨਾ ਚਾਵਾਂ ਅਤੇ ਖ਼ੁਸ਼ੀਆਂ ਭਰਿਆ ਹੈ, ਜਿਸ ਦੇ ਮਸਤਕ ਦੇ ਭਾਗ ਚੰਗੇ ਹਨ।



# ਅਣਡਿੱਠੀ ਦੁਨੀਆ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*



ਕੋਈ ਉਹਨਾਂ ਨੂੰ ਅਟਕਾਉ, ਠਾਕ ਠਹਿਰਾਉ ਹਰਿ ਦਰਗਾਹ ਅੰਦਰ ਨਹੀਂ ਪਾਇ ਸਕਦਾ। ਗੁਰਮਤਿ ਨਾਮ ਸਲਾਹੁਣ-ਹਾਰਿਆਂ ਨੂੰ ਸਦਾ ਹੀ ਦਰਗਾਹ ਅੰਦਰਿ ਸੁਰਖ਼ਰੂਈ ਹੈ। ਗੁਰਮਤਿ ਨਾਮ ਮਨਿ ਵਸਾਉਣਹਾਰਿਆਂ ਦੀ ਸਦਾ ਸਦਾ ਹੀ ਨਾਮ ਵਿਖੇ ਲਿਵਤਾਰ ਜੁੜੀ ਰਹਿੰਦੀ ਹੈ। ਨਾਮ-ਲਿਵ ਸਮਾਧੀ ਸਮਾਧਤਿਆਂ ਨੂੰ 'ਅਨਹਦ ਧੁਨੀ ਦਰਿ ਵਜਦੇ' ਸਾਫ਼ ਸੁਣਾਈ ਦਿੰਦੇ ਹਨ! ਤਿਨ੍ਹਾਂ ਨੂੰ ਸਚੀ ਦਰਗਾਹ ਵਿਚ ਸਗੋਂ ਸੱਚੀ ਸ਼ੋਭਾ ਵਡਿਆਈ ਮਿਲਦੀ ਹੈ -

*ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥*
*ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ॥*
*ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ॥੩॥*
*ਅੰਗ - ੪੨*

ਕੇਵਲ ਸਤਿਗੁਰੂ ਦੇ ਸੇਵਕਾਂ ਸਿਖਾਂ ਨੂੰ ਹੀ ਅਗੇ ਹਰਿ ਦਰਗਾਹ ਵਿਚ ਥਾਉਂ ਮਿਲਦਾ ਹੈ। ਯਥਾ ਗੁਰਵਾਕ -

*ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ॥*

ਸਤਿਗੁਰ ਤਿਨ੍ਹਾਂ ਨੇ ਹੀ ਸੇਵਿਆ ਹੈ, ਜੋ ਸਤਿਗੁਰ ਦੀ ਸੱਚੀ, ਸਚਿ ਦ੍ਰਿੜਾਈ ਦੀਖਿਆ ਲੈ ਕੇ, ਸੱਚ ਸ਼ਬਦ ਦੇ ਸੇਵਨ ਸਿਮਰਨਹਾਰੇ ਹੋਏ ਹਨ। ਤਿਨ੍ਹਾਂ ਨੂੰ ਅਗਲੇ ਪ੍ਰਮਾਰਥੀ ਲੋਕ ਵਿਖੇ, ਸੱਚੇ ਦੀ ਸੱਚੀ ਦਰਗਾਹ ਵਿਖੇ ਸੱਚਾ ਮੁਖ ਅਸਥਾਨੀ ਥਾਉਂ ਮਿਲਦਾ ਹੈ। ਐਸੇ ਭਗਤ ਜਨਾਂ ਨੂੰ ਵਾਹਿਗੁਰੂ ਆਪਣੀ ਖ਼ਾਸ ਕਿਰਪਾ ਧਾਰ ਕੇ ਸੁਰੱਖਿਅਤ ਰਖਦਾ ਹੈ ਅਤੇ ਤਿਨ੍ਹਾਂ ਦੇ ਹਲਤ (ਇਸ ਲੋਕ) ਵਿਖੇ ਭੀ ਤੇ ਪਲਤ (ਅਗਲੇ-ਲੋਕ) ਵਿਖੇ ਭੀ ਮੁਖ ਉਜਲੇ ਰਖਦਾ ਹੈ। ਹਲਤ ਪਲਤ ਮੁਖ ਉਜਲੇ ਤਿਨ੍ਹਾਂ ਦੇ ਤਾਂ ਰਹਿੰਦੇ ਹਨ, ਕਿਉਂਜੁ ਉਹ ਸਾਰੀ ਉਮਰ ਖਿਨ ਖਿਨ ਸਚੀ ਸਿਫਤ-ਸਾਲਾਹ ਰੂਪੀ ਸਿਮਰਨ ਕਮਾਈ ਵਾਲੀ ਕਾਰ ਹੀ ਕਮਾਉਂਦੇ ਰਹਿੰਦੇ ਹਨ ਅਤੇ ਸੱਚੇ ਦੇ ਗੁਣ (ਗੁਰਬਾਣੀ ਗਾਵਣ ਰੂਪੀ) ਸਾਰਾਉਂਦੇ ਸਿਫਤਾਉਂਦੇ ਰਹਿੰਦੇ ਹਨ। ਯਥਾ ਗੁਰਵਾਕ -

*ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ॥*
*ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥੪॥*
*ਅੰਗ - ੪੬*

ਗੁਰਮੁਖ ਭਗਤ ਸੰਤ ਜਨਾਂ ਗੁਰਭਾਈਆਂ ਨੂੰ ਪ੍ਰਸਪਰ ਮਿਲ ਕੇ ਸਦਾ ਨਾਮ ਸੰਮਾਲਣ ਦਾ ਇਉਂ ਹੁਕਮ ਹੈ। ਯਥਾ ਗੁਰਵਾਕ -

*ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ॥*
*ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ॥੧॥*
*ਅੰਗ - ੪੯*

ਇਸ ਗੁਰਵਾਕ ਤੋਂ ਇਹ ਸਚਿਆਈ ਭੀ ਚੀਨੀ ਗਈ ਹੈ ਕਿ ਸੱਚਾ ਨਾਮ ਹੀ ਸੱਚਾ ਤੋਸ਼ਾ ਹੈ, ਜੋ ਐਥੇ (ਇਸ ਲੋਕ ਵਿਖੇ) ਓਥੇ (ਉਸ ਅਗਲੇ ਲੋਕ ਵਿਖੇ) ਨਾਲਿ ਨਿਭਣ ਵਾਲਾ ਹੈ। ਹੋਰ ਕੋਈ ਸ਼ੈ ਨਹੀਂ, ਜੋ ਐਥੇ ਓਥੇ ਨਾਲ ਨਿਭ ਸਕੇ। ਜਿਨ੍ਹਾਂ ਗੁਰਮੁਖ ਜਨਾਂ ਨੂੰ ਸਚੜੇ ਨਾਮ ਦਾ ਅਧਾਰ ਆਇਆ ਹੈ, ਓਹਨਾਂ ਦੀਆਂ ਸਭੇ ਸਾਰੀਆਂ ਭੁੱਖਾਂ ਐਥੇ ਹੀ ਗਵਾਈਆਂ ਗਈਆਂ ਹਨ ਅਤੇ ਅਗੇ ਚਲ ਕੇ ਭੀ ਤਿਨ੍ਹਾਂ ਨੂੰ ਨਾਮ ਦਾ ਹੀ ਅਧਾਰ ਰਹਿਣਾ ਹੈ। ਨਾਲਿ ਨਿਭਣ ਵਾਲੀ ਹਲਤ-ਪਲਤੀ ਤੱਤ ਵਸਤੂ ਨਾਮ ਹੀ ਹੈ। ਪਰ ਇਹ ਤੱਤ ਵਸਤੂ ਨਾਮ ਦੀ (ਗੁਰਮਤਿ ਨਾਮ ਦੀ) ਤਿਨ੍ਹਾਂ ਨੂੰ ਹੀ ਮਿਲਦੀ ਹੈ, ਜਿਨ੍ਹਾਂ ਨੂੰ ਸੱਚੇ ਸਤਿਗੁਰੂ ਦੀ ਸੱਚੀ ਪ੍ਰਾਪਤੀ ਹੈ। ਗੁਰੂ ਨਾਨਕ ਦਾ ਦਰ ਘਰ ਹੀ ਸੱਚਾ ਸਤਿਗੁਰੂ-ਦੁਆਰਾ ਹੈ। ਹੋਰ ਰਾਧਾ ਸੁਆਮੀ ਆਦਿ ਮਤ ਕੂੜਾਵੇ ਪਰਪੰਚ ਪਸਾਰੇ ਹੀ ਹਨ, ਜੋ ਆਪੇ ਗੁਰੂ ਬਣਿ ਬਣਿ ਬਹਿੰਦੇ ਹਨ ਤੇ ਫੋਕੀਆਂ ਡੀਂਗਾਂ ਗੁਰੂ ਬਣਨ ਦੀਆਂ ਮਾਰਦੇ ਹਨ। ਇਸ ਸੰਸਾਰ ਵਿਚ ਆਏ ਸੋਈ ਜਨ ਹੀ ਪਰਵਾਨ ਹਨ, ਜਿਨ੍ਹਾਂ ਨੂੰ ਗੁਰੂ ਨਾਨਕ ਦਰੋਂ ਘਰੋਂ ਦਰਸਾਈ ਸੱਤਤਾ ਵਾਲਾ ਸੱਚਾ ਸਤਿਗੁਰੂ ਮਿਲਿਆ ਹੈ ਅਤੇ ਸੁਭਾਇ ਹੀ ਮਿਲਿਆ ਹੈ,

ਪੂਰਬਲੇ ਸ਼ੁਭ ਕਰਮਾਂ ਕਰਿ ਭਾਇ ਸੁਭਾਇ ਹੀ ਮਿਲਿਆ ਹੈ। ਤਿਨ੍ਹਾਂ ਨੂੰ ਗੁਰਦਵਾਰਿਓਂ ਸਚੜਾ ਨਾਮ ਪ੍ਰਾਪਤ ਹੁੰਦਾ ਹੈ। ਨਾਮ ਦੀ ਕਮਾਈ ਕਰਿ ਕਰਿ ਉਹ ਨਾਮ ਰੰਗਾਂ ਵਿਚ ਰੱਤੇ ਜਾਂਦੇ ਹਨ। ਨਾਮ ਰੰਗਿ ਰੱਤਿਆਂ, ਸਚੇ ਸੇਤੀ ਰਤਿਆਂ ਨੂੰ ਹੀ ਹਰਿ ਦਰਗਾਹੋ ਬੈਸਣ ਲਈ ਸੱਚੀ ਜਾਇ ਥਾਇ ਮਿਲਦੀ ਹੈ। ਯਥਾ ਗੁਰਵਾਕ

*ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ॥*
*ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥੩॥*

*ਅੰਗ - ੫੨*

ਬਸ ਹਲਤ ਪਲਤ ਵਿਖੇ, ਐਥੇ ਭੀ ਓਥੇ ਭੀ, ਇਸ ਲੋਕ ਵਿਖੇ ਭੀ ਅਤੇ ਪਰਲੋਕ (ਅਗਲੇ ਲੋਕ) ਵਿਖੇ ਭੀ ਸਚੇ ਨਾਮ ਦੁਆਰਾ ਹੀ ਛੁਟਕਾਰਾ ਹੈ। ਸਿੱਖਾਂ, ਭਾਈਆਂ, ਸੰਤ ਜਨਾਂ ਨੇ ਇਸ ਗੁਰਮਤਿ ਸੱਚੀ ਮਤੜੀ ਨੂੰ ਸੱਤ ਕਰ ਕੇ ਮੰਨਿਆ ਹੈ। ਗੁਰਮਤਿ ਨਾਮ ਹੀ ਗੁਰਸਿਖਾਂ ਲਈ ਸੱਚਾ ਤੀਰਥ ਹੈ ਅਤੇ ਗੁਰਮਤਿ ਨਾਮ ਸਲਾਹੁਣਾ ਹੀ ਗੁਰਸਿਖਾਂ ਸੰਤਾਂ ਲਈ ਗੁਰ-ਚਰਨਾਂ ਦਾ ਸੇਵਣਾ ਹੈ। ਯਥਾ ਗੁਰਵਾਕ -

*ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ॥*
*ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ॥*
*ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥*

*ਅੰਗ - ੫੨-੫੩*

ਇਸ ਗੁਰਵਾਕ ਦੁਆਰਾ ਸਪੱਸ਼ਟ ਨਿਰਣੈ ਹੋਇਆ ਕਿ ਸੱਚ ਨਾਇ ਨਿਸਤਾਰਿਆਂ ਨੂੰ ਹੀ (ਜਿਨ੍ਹਾਂ ਦਾ ਨਾਮ ਦੁਆਰਾ ਨਿਸਤਾਰਾ ਹੋਇਆ ਹੈ) ਸੱਚੀ ਦਰਗਾਹ ਅੰਦਰਿ ਢੋਈ ਮਿਲਦੀ ਹੈ, ਸੇਈ ਸੱਚੀ ਦਰਗਾਹ ਅੰਦਰਿ ਮੰਨੇ ਪਰਮੰਨੇ ਜਾਂਦੇ ਹਨ। ਜਿਨ੍ਹਾਂ ਨਿਮਾਣਿਆਂ, ਨਿਤਾਣਿਆਂ, ਨਿਥਾਵਿਆਂ ਨੂੰ ਕਿਤੇ ਭੀ ਢੋਈ ਨਹੀਂ ਮਿਲਦੀ, ਤਿਨ੍ਹਾਂ ਨੂੰ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਫ਼ੈਲ ਅਗਲੀ ਸੱਚੀ ਦਰਗਾਹ ਵਿਚ ਸੱਚਾ ਥਾਉਂ ਮਿਲੇਗਾ, ਜ਼ਰੂਰ ਮਿਲੇਗਾ। ਇਹ ਸਤਿਗੁਰੂ ਪਦ ਪਰਤੀਤਿਆ ਸੱਚ, ਮੁਖ ਉਚਾਰਿਆਂ ਮਹਾਂਵਾਕ ਹੈ, ਜੋ ਸਾਰਾ ਸੱਚ ਹੈ ਅਤੇ ਸਦਾ ਸੱਚ ਹੀ ਵਰਤਦਾ ਹੈ। 'ਆਗੈ' ਅਤੇ 'ਦਰਗਹਿ' ਨਾਉਂ ਦੇ ਦੋਈ ਅੱਖਰ ਇਕੱਠੇ ਆਉਣ ਕਰਿ, ਆਗੈ ਦਰਗਹਿ ਇਸ ਬਿਧ ਆਉਣ ਕਰਿ ਮਾਨੋ ਇਸ ਗੁਰਮਤਿ ਤੱਤ ਨਿਸਚੇ ਦੀ ਹੀ ਪ੍ਰੋੜਤਾ ਦਿਵਾਈ ਗਈ ਹੈ ਕਿ ਸੱਚੀ ਦਰਗਾਹ ਅਗਲੇ ਲੋਕ (ਪਰਲੋਕ) ਵਿਚ ਹੈ। ਇਸ ਪਰਲੋਕ ਦੀ ਦਰਗਾਹ ਬਿਨਾਂ ਹੋਰ ਕੋਈ ਸੱਚੀ ਦਰਗਾਹ ਨਹੀਂ। ਇਸ ਲੋਕ ਵਿਖੇ ਜੋ ਦਰਗਾਹਾਂ ਉਹ ਸਭ ਝੂਠੀਆਂ ਦਰਗਾਹਾਂ ਹਨ। ਇਸ ਗੁਰਵਾਕ ਦੇ ਸੱਚੇ ਚਾਨਣੇ ਤਲੇ ਉਹ ਲੋਕ ਕਿਤਨੇ ਝੂਠੇ ਤੇ ਬਕਵਾਸੀ ਤੇ ਕਮਲੇ ਹਨ, ਜੋ ਮਨ-ਮਤਸਰੀ ਹੋ ਕੇ ਇਹ ਕਹੀ ਜਾਂਦੇ ਹਨ ਕਿ ਜੋ ਕੁਝ ਹੈ ਸੋ ਇਥੇ ਹੀ ਹੈ, ਏਸੇ ਦੁਨੀਆ ਅੰਦਰਿ ਹੀ ਹੈ, ਅਗੋਂ ਨਾ ਕੋਈ ਅੱਗਾ ਹੈ ਨਾ ਅਗਲੀ ਦਰਗਾਹ ਹੈ, ਅਗੇ ਨਾ ਕੋਈ ਨਿਆਉਂ ਨਿਬੇੜਾ ਹੈ ਨਾ ਦੂਤ ਦੁਤੇੜਾ ਹੈ। ਪਰ ਉਨ੍ਹਾਂ ਨੂੰ ਪਤਾ ਲਗੂ ਅਗੇ ਚੱਲ ਕੇ, ਤਿਨ੍ਹਾਂ ਨਾਲ ਕੀ ਵਰਤੇਗੀ? ਉਹ ਕੁਝ ਵਰਤਣ ਵਰਤੇਗੀ ਜੈਸਾ ਕਿ ਅਗਲੇਰੇ ਗੁਰਵਾਕ ਦਾ ਭਾਵ ਹੈ। ਜ਼ਰੂਰ ਵਰਤੇਗੀ, ਸਤਿ ਕਰਿ ਜਾਨਣਾ।

*ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ॥*
*ਜਮਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੁਕਾਰਿ॥*
*ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰਿ॥੫॥*

*ਅੰਗ - ੬੯-੭੦*

ਇਸ ਗੁਰਵਾਕ ਅੰਦਰਿ ਜੋ ਸਚਿਆਈਆਂ ਦਰਸਾਈਆਂ ਗਈਆਂ ਉਹ ਇਸ ਪ੍ਰਕਾਰ ਹਨ -

(੧) ਕਿ ਜਿਨ੍ਹਾਂ ਨੇ ਸਤਿਗੁਰੂ ਦਾ ਸਚਾ ਸਿਖ ਬਣ ਕੇ ਅਤੇ ਸਤਿਗੁਰੂ ਦਾ ਆਗਿਆਕਾਰੀ ਸੇਵਕ ਹੋਇਕੈ ਸਤਿਗੁਰੂ ਦੀ ਸੱਚੀ ਸਿਮਰਨ ਰੂਪੀ ਸੇਵਾ ਭਗਤਿ ਕਮਾਈ ਨਹੀਂ ਕੀਤੀ, ਤਿਨ੍ਹਾਂ ਦਾ ਸੰਸਾਰ ਤੇ ਆਉਣਾ ਤੇ ਮਨੁਖਾ ਜਨਮ ਗਵਾਇਆ ਹੈ। ਜੂਨ ਪਾਉਣਾ ਹੀ ਬਿਰਥਾ ਗਿਆ, ਤਿਨ੍ਹਾਂ ਨੇ ਮਾਨੁਖਾ ਜਨਮ ਬਿਰਥਾ ਪੈਣਾ ਪਊ!

(੨) ਤਿਨ੍ਹਾਂ ਨੂੰ ਬਾਰ ਬਾਰ ਆਵਾਗਉਣ (ਜੰਮਣ-ਮਰਣ, ਮਰਣ-ਜੰਮਣ ਦੇ ਚੱਕਰ ਵਿਚ ਖੁਆਰ ਹੋਣਾ ਪਉ

(੩) ਤਿਨ੍ਹਾਂ ਨੂੰ ਹਰਿ ਦਰਗਹਿ ਢੋਈ ਨਹੀਂ ਮਿਲਣੀ

(੪) ਤਿਨ੍ਹਾਂ ਨੂੰ ਜਮਦਰ ਅੰਦਰ ਖੁਆਰ ਹੋਣਾ ਪਏਗਾ। ਓਹਨਾਂ ਨੂੰ ਬੰਨ੍ਹ ਕੇ ਅਕਾਲ ਪੁਰਖ ਦੀ ਦਰਗਾਹ (ਓਹਨਾਂ ਦੀਆਂ ਮੁਸ਼ਕਾਂ ਕਸ ਕੇ) ਜਮਦਰ ਵਿਖੇ ਲੈ ਜਾਇਆ ਜਾਊ, ਜਿਥੇ ਓਹਨਾਂ ਨੂੰ ਐਸੀ ਮਾਰ ਪਵੇਗੀ ਕਿ ਓਹ ਹਾਇ ਤੌਬਾ ਦੀ ਕੂਕ ਪੁਕਾਰ ਰੋਇ ਰੋਇ ਬਿਲਲਾਇ ਬਿਲਲਾਇ ਕੇ ਕਰਨਗੇ ਤੇ ਦੁਹਾਈਆਂ ਦੇਣਗੇ, ਪਰ ਤਿਨ੍ਹਾਂ ਦੀ ਕੂਕ ਪੁਕਾਰ ਕੋਈ ਨਾ ਸੁਣੇਗਾ।

ਜਮ ਦੁਆਰ ਵਿਖੇ ਮੁਗਦਰਾਂ ਦੀ ਮਾਰ ਪੈਂਦੀ, ਇਸ ਲੋਕ ਵਿਖੇ ਵਸਦੇ ਦਿੱਬ ਦ੍ਰਿਸ਼ਟੇ ਸੰਤ ਜਨਾਂ ਨੇ ਦੇਖੀ ਹੈ। ਜੀਵਨ-ਮੁਕਤ ਗੁਰੂ ਘਰ ਦੇ ਅਨਿੰਨ ਸਿਖ ਸੰਤ ਜਨ ਗੁਰਪੁਰ ਨਿਵਾਸੀ ਸੰਤ ਸ਼ਾਮ ਸਿੰਘ ਜੀ ਨੇ ਆਪਣੀ ਲਿਵ ਸਮਾਧੀ ਅੰਦਰਿ ਪਰਤੱਖ ਦੇਖੇ ਨਜ਼ਾਰੇ ਦਾ ਬਿਰਤਾਂਤ ਨਿਜ ਲੇਖਣੀ ਤੋਂ ਲਿਖ ਕੇ ਵਰਨਣ ਕੀਤਾ ਹੈ। **'ਚਲਦਾ'**

# ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਅਤੇ ਅਗਲੇ ਜੁਗਾਂ ਵਿਚ ਅਨੇਕ ਸ਼ਹੀਦੀਆਂ ਹੋਣਗੀਆਂ, ਪਰੰਤੂ ਗੁਰੂ ਅਰਜਨ ਸਾਹਿਬ ਜੀ ਦੀ ਨਿਸ਼ਕਾਮ ਸ਼ਹੀਦੀ ਦੇ ਮੁਕਾਬਲੇ ਵਿਚ ਸਭ ਹੇਠ ਹਨ ਅਤੇ ਹੇਠ ਹੀ ਰਹਿਣਗੀਆਂ। ਗੁਰੂ ਅਰਜਨ ਸਾਹਿਬ ਜੀ ਨੇ ਨਿਸ਼ਕਾਮ ਸ਼ਹੀਦੀ ਦੇ ਜੋ ਪੂਰਨੇ ਪਾਏ ਹਨ ਉਹ ਸੱਚ-ਮੁੱਚ ਹੀ ਅਦੁੱਤੀ ਹਨ। ਇਤਿਹਾਸਕਾਰਾਂ ਦੀਆਂ ਇਹ ਇਤਿਹਾਸ-ਕਾਰੀਆਂ ਬਿਲਕੁਲ ਗ਼ਲਤ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਸੇ ਪ੍ਰਕਾਰ ਦੇ ਸੁਆਰਥੀ ਮਨੋਰਥ ਲਈ ਇਹ ਸ਼ਹੀਦੀ ਦਾ ਰਮਜ਼ ਮਾਤਰ ਬੀੜਾ ਚੁੱਕਿਆ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਨਿਰੋਲ ਪ੍ਰਮਾਰਥ ਅਤੇ ਪ੍ਰਮਾਰਥੀ ਕਾਜ਼ ਲਈ ਹੀ ਇਹ ਪੂਰਨ ਪਾਏ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਦੇ ਦੁਨਿਆਵੀ ਬਾਦਸ਼ਾਹ ਅੱਗੇ ਰੰਚਕ ਮਾਤ੍ਰ ਭੀ ਕਾਣ-ਕਣੌਡੀ ਕਾਂਪ ਨਹੀਂ ਖਾਧੀ। ਜੇਕਰ ਗੁਰੂ ਅਰਜਨ ਸਾਹਿਬ ਜੀ ਰਾਮ ਰਾਇ ਦੀ ਨਿਆਈਂ ਅਮਰੀ ਅਜ਼ਲੀ ਗੁਰੂ ਬਾਣੀ ਨੂੰ ਉਲਟਾ ਦੇਣ ਲਈ ਤਿਆਰ ਹੋ ਜਾਂਦੇ ਤਾਂ ਉਨ੍ਹਾਂ ਦੇ ਉਪਰ ਅਨੇਕ ਪ੍ਰਕਾਰੀ ਦੁਨਿਆਵੀ ਨਿਆਮਤਾਂ ਵਰਸਦੀਆਂ। ਪਰੰਤੂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਸ਼ਹੀਦਾਂ ਤੇ ਸਿਰਤਾਜ, ਉਨ੍ਹਾਂ ਨੇ ਬਪੜੀਆਂ ਮਾਇਕ ਸਿਕਦਾਰੀਆਂ ਦਾ ਭੋਰਾ ਮਾਤਰ ਭੀ ਪਰਵਾਹ ਨਹੀਂ ਕੀਤੀ ਅਤੇ ਆਪਣੇ ਸੱਚੇ ਸ਼ਹੀਦੀ ਮਿਸ਼ਨ ਤੇ ਡੱਟੇ ਰਹੇ। ਸੱਚ ਮੁੱਚ ਸੱਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਹ ਪੂਰਨੇ ਜੋ ਸੱਚੀ ਸ਼ਹੀਦੀ ਦੇ ਪਾਏ, ਉਹ ਅਸਾਂ ਲਰਜ਼ਸ਼ ਖਾਦਿਆਂ ਗੁਰਸਿੱਖਾਂ ਦੇ ਸਿਦਕ-ਭਰੋਸੇ ਨੂੰ ਕਾਇਮ ਰੱਖਣ ਲਈ ਪਾਏ। ਵਕਤ ਦੇ ਨਾਦਰ-ਗਰਦ ਬਾਦਸ਼ਾਹ ਨੇ ਅਨੇਕਾਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਵਾਕਾਂ ਨੂੰ ਪਲਟਾਉਣ ਲਈ ਗੁਰੂ ਸਾਹਿਬ ਅੱਗੇ ਦਰਖਾਸਤ ਕੀਤੀ, ਪਰੰਤੂ ਧੰਨ ਹਨ ਗੁਰੂ ਅਰਜਨ ਸਾਹਿਬ ਜੀ ਕਿ ਉਨ੍ਹਾਂ ਨੇ ਅਨੇਕ ਬਾਰਨੀ ਦਰਖ਼ਾਸਤ ਨੂੰ ਹਰ ਬਾਰ ਰੱਦੀ ਦੀ ਟੋਕਰੀ ਵਿੱਚ ਹੀ ਸੁੱਟ ਪਾਇਆ। ਇਤਿਹਾਸਕਾਰਾਂ ਦੀ ਬਾਤ ਭੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖ਼ੁਦ ਬੁਰਛਾਗਰਦ ਬਾਦਸ਼ਾਹਾਂ ਦੇ ਪਾਸ ਲੈ ਕੇ ਪਹੁੰਚੇ। ਬਲਕਿ ਇਹ ਵਾਰਤਾ ਐਨ ਗੁਰਮਤਿ ਅਨੁਸਾਰ ਢੁਕਦੀ ਹੈ ਤੇ ਸੱਚਾਈ ਦੀ ਕਸੌਟੀ ਉਤੇ ਪਰਖੀ ਜਾ ਕੇ ਠੀਕ ਉਤਰਦੀ ਹੈ ਕਿ ਜਹਾਂਗੀਰ ਜੈਸੇ ਉੱਚ ਦੁਨਿਆਵੀ ਬਾਦਸ਼ਾਹ ਖ਼ੁਦ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ। ਗੁਰੂ ਕੀ ਨਗਰੀ ਵਿਖੇ ਆ ਕੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦਾ ਮੁਆਇਨਾ ਕੀਤਾ ਅਤੇ ਬਿਲਕੁਲ ਹੌਲੇ ਨਿਕਲੇ ਅਤੇ ਆਪਣੇ ਜੈਸਾ ਮੂੰਹ ਲੈ ਕੇ ਹੀ ਵਾਪਸ ਚਲੇ ਗਏ। ਇਸ ਹੋਈ ਹੱਤਕ ਨੂੰ ਮਹਿਸੂਸ ਕਰ ਕੇ ਅੱਤਿਆਚਾਰੀ ਦੁਨਿਆਵੀ ਬਾਦਸ਼ਾਹ ਨੇ ਅਨੇਕ ਪ੍ਰਕਾਰੀ ਤਨ-ਤਸੀਹੇ ਦੇਣ ਲਈ ਆਪਣੇ ਮੁਤਅੱਸਬੀ ਤੇ ਸ਼ਰਾਰਤੀ ਦੀਵਾਨ ਚੰਦੂ ਮੱਲ ਨੂੰ ਪ੍ਰੇਰਿਆ। ਉਸ ਕੁੜਾਵੇ ਚੰਦੂ ਨੇ ਆਪਣੀ ਕਿੱਸ ਕੱਢਣ ਲਈ ਇਹ ਵਧੀਆ ਮੌਕਾ ਸਮਝਿਆ ਕਿ ਜਿਤਨੇ ਭੀ ਤਨ-ਤਸੀਹੇ ਗੁਰੂ ਸਾਹਿਬ ਨੂੰ ਦਿਤੇ ਜਾਣ ਉਨੇ ਹੀ ਉਸ ਦੇ ਮਨ ਦੀ ਖਾਰ ਕੱਢਣ ਲਈ ਹੋਣਗੇ। ਇਹ ਬਾਤ ਬਿਲਕੁਲ ਗ਼ਲਤ ਹੈ ਕਿ ਚੰਦੂ ਨੇ ਆਪਣੀ ਨਿਜ ਖਾਰ ਕਢਣ ਲਈ ਸ਼ਹੀਦਾਂ ਦੇ ਸਿਰਤਾਜ ਗੁਰੂ ਸਾਹਿਬ ਜੀ ਉਪਰ ਇਹ ਵਾਰ ਕੀਤੇ ਬਲਕਿ ਜੋ ਹੋਇਆ ਸੀ ਉਸ ਸਮੇਂ ਦੇ ਨਾਦਰ-ਗਰਦ ਬਾਦਸ਼ਾਹ ਜਹਾਂਗੀਰ ਦੇ ਇਸ਼ਾਰੇ ਨਾਲ ਹੋਇਆ। ਗੁਰੂ ਸਾਹਿਬ ਉਪਰ ਵਕਤ ਦੇ ਬਾਦਸ਼ਾਹ ਜਹਾਂਗੀਰ ਦੀ ਬਹੁਤੀ ਇਹ ਕੀਨਾ-ਦੋਸ਼ੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਗੁਰਵਾਕ ਕਿਉਂ ਨਾ ਪਲਟ ਦਿਤੇ। ਬੱਸ ਏਸੇ, ਕੇਵਲ ਏਸ ਖਾਰ ਦੀ ਖਾਤਰ ਗੁਰੂ ਸਾਹਿਬ ਗੁਰੂ ਅਰਜਨ ਸਾਹਿਬ ਜੀ ਨੂੰ ਤਨ-ਤਸੀਹੇ ਮਿਲੇ। ਗੁਰੂ ਸਾਹਿਬ ਸੱਚੇ ਪਾਤਸ਼ਾਹ ਤਾਂ ਅੱਗੇ ਹੀ ਕੂੜਾਵੇ ਸਰੀਰ ਦਾ ਠੀਕਰਾ ਕੂੜਾਵੀ ਦੁਨਿਆਵੀ ਹਵਸ-ਗਰਦੀ, ਹਵਸ ਅਤੇ ਤਮ੍ਹਾ ਉਪਰ ਭੰਨ ਦੇਣਾ ਚਾਹੁੰਦੇ ਸਨ ਅਤੇ ਸੁਖਮਨੀ ਸਾਹਿਬ ਦੀ ਸੱਚੀ ਬਾਣੀ ਵਿੱਚ ਬ੍ਰਹਮ-ਗਿਆਨੀ ਦੇ ਲੱਛਣਾਂ ਦੀ ਪਰਖ ਬਦਲੇ ਇਹ ਸੱਚੀ ਕੁਰਬਾਨੀ ਦੇਣਾ ਚਾਹੁੰਦੇ ਸਨ, ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁੱਛ ਮਾਤਰ ਹੀ ਹੁੰਦੀ ਹੈ।

# ਗੁਰਸਿੱਖੀ ਦਾ ਆਦਰਸ਼ਕ ਸਰੂਪ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਦੇਸ਼, ਪੰਥ ਦੀ ਨਿਸ਼ਕਾਮ ਸੇਵਾ ਕਰਨ ਅਤੇ ਗੁਰਮਤਿ ਕਦਰਾਂ ਕੀਮਤਾਂ ਨੂੰ ਨਵਰੰਗ ਰੂਪ ਵਿਚ ਉਜਾਗਰ ਕਰਨ ਦਾ ਮਾਣ ਪ੍ਰਾਪਤ ਹੈ, ਜਿਸ ਕਰਕੇ ਆਪ ਨੂੰ ਸਿੱਖ ਜਗਤ ਵਿਚ 'ਸੋਨੇ ਦੀ ਚਿੜੀਆ' ਕਹਿ ਕੇ ਸਨਮਾਨਿਆ ਗਿਆ ਹੈ। ਉਨ੍ਹਾਂ ਦੀ ਕਠਨ ਤਪੱਸਿਆ ਬੇਲਾਗ ਜੀਵਨੀ, ਬੇਦਾਗ ਗੁਰਮੁਖਿ ਰਹਿਣੀ-ਬਹਿਣੀ ਅਤੇ ਜ਼ੋਰਦਾਰ ਲੇਖਣੀ ਨੇ ਅਧਿਆਤਮਕ ਖੇਤਰ ਵਿਚ ਨਵੇਕਲਾ ਅਸਥਾਨ ਬਣਾਇਆ ਹੈ। ਇਸ ਹਕੀਕਤ ਤੋਂ ਸਭ ਜਾਣੂ ਹਨ ਕਿ ਆਪ ਦੇ ਵਿੱਦਵਤਾ ਭਰਪੂਰ ਗਿਆਨ ਦਾ ਸੋਮਾ ਪੁਸਤਕਾਂ ਦਾ ਅਧਿਐਨ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਵੇਕ ਸਹਿਤ ਪਾਠ, ਵੀਚਾਰ, ਨਾਮ ਅਭਿਆਸ ਤੇ ਸਹਜ ਗਿਆਨ ਹੈ।

ਲਕਬ 'ਭਾਈ ਸਾਹਿਬ', ਜਿਹੜਾ ਪਹਿਲੇ ਪਹਿਲ ਦਾ ਭਾਈ ਮਰਦਾਨਾ ਜੀ, ਭਾਈ ਲਹਿਣਾ ਜੀ (ਗੁਰਿਆਈ ਤੋਂ ਪਹਿਲਾਂ), ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਆਦਿ ਗੁਰਸਿੱਖਾਂ ਨੂੰ ਸਸ਼ੋਭਤ ਕਰਦਾ ਸੀ, ਹੁਣ ਕਾਫ਼ੀ ਸਮੇਂ ਬਾਅਦ ਵਡਭਾਗੇ ਗੁਰਸਿੱਖ ਦੇ ਨਾਮ ਨਾਲ ਜੁੜਿਆ ਹੈ। ਬੇਸ਼ਕ ਗੁਰਸਿਖ, ਗੁਰਮੁਖ, ਸਾਧ, ਸੰਤ ਸਮ-ਅਰਥਕ ਸ਼ਬਦਾਂ ਵਿਚ ਪ੍ਰਯੋਗ ਹੋਏ ਹਨ, ਫਿਰ ਵੀ ਕਿਤੇ ਕਿਤੇ ਗੁਰਦੇਵ ਦੁਆਰਾ ਗੁਰਸਿੱਖ ਪਦਵੀ' ਨੂੰ ਸਭ ਤੋਂ ਸ੍ਰੇਸ਼ਟ ਸਨਮਾਨ ਪਰਦਾਨ ਕੀਤਾ ਪਰਤੱਖ ਦਿਖਾਈ ਦਿੰਦਾ ਹੈ। ਹਜ਼ੂਰ ਦਾ ਪਾਵਨ ਹੁਕਮ ਹੈ -

*ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ॥*
*ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ॥*
*ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥*
*ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ॥*
*ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥੧੮॥*
*ਰਾਗ ਸੋਰਠਿ ਵਾਰ ਮਹਲੇ ੪ ਕੀ, ਅੰਗ - ੬੪੯*

ਬੇਸ਼ਕ ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਸਿਮਰਨ ਅਭਿਆਸ, ਗੁਰਬਾਣੀ ਵੀਚਾਰ, ਨਿਰਬਾਣ ਕੀਰਤਨ, ਸੁੱਚੀ ਕ੍ਰਿਤ, ਨਿਮਰਤਾ ਤੇ ਭਾਈ ਗੁਰਦਾਸ ਜੀ ਦੁਆਰਾ ਦਰਸਾਇਆ ਸੰਜਮ -

*ਥੋੜਾ ਸਵਣਾ ਖਾਵਣਾ, ਥੋੜਾ ਬੋਲਨੁ ਗੁਰਮਤਿ ਪਾਏ॥*
*ਘਾਲਿ ਖਾਏ ਸੁਕ੍ਰਿਤ ਕਰੇ, ਵਡਾ ਹੋਇ ਨ ਆਪੁ ਗਵਾਏ॥*
*(੨੮/੧੫)*

ਤੇ ਪਰਉਪਕਾਰੀ ਕਰਮ ਗੁਰਸਿੱਖੀ ਦੇ ਵਿਸ਼ੇਸ਼ ਲੱਛਣ ਹਨ, ਪਰ ਆਪ ਜੀ ਦੀ ਅਪਣਾਈ ਅਤੇ ਦ੍ਰਿੜਾਈ ਗੁਰਸਿੱਖੀ, ਇਨ੍ਹਾਂ ਕਰਮਾਂ ਤੋਂ ਹੋਰ ਉੱਚੀ, ਅਨੇਕ ਦੈਵੀ ਗੁਣਾਂ ਨਾਲ ਸ਼ਿੰਗਾਰੀ, ਸਰਬ-ਪੱਖੀ ਸੰਪੂਰਨ ਆਦਰਸ਼ਕ ਸਿੱਖੀ ਹੈ। ਭਾਈ ਗੁਰਦਾਸ ਜੀ ਨੇ ਐਸੀ ਪਰਵਾਨਤ ਗੁਰਸਿੱਖੀ ਦਾ ਆਧਾਰ ਅਤੀ ਸੁੰਦਰ ਤੇ ਸਪੱਸ਼ਟ ਸ਼ਬਦਾਂ ਵਿਚ ਬਿਆਨਿਆ ਹੈ -

*ਗੁਰਸਿਖੀ ਦਾ ਕਰਮੁ ਏਹੁ, ਗੁਰ ਫੁਰਮਾਏ, ਗੁਰਸਿਖ ਕਟਣਾ॥ (੨੮/੧੦)*

ਇਹ ਹਕੀਕਤ ਸੂਰਜ ਵਾਂਗ ਰੌਸ਼ਨ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਦਿਲ-ਕੰਬਾਊ ਕਸ਼ਟਾਂ, ਔਕੜਾਂ, ਜ਼ੁਲਮਾਂ ਤੇ ਭੈ-ਭੀਤ ਵਾਤਾਵਰਨ ਵਿਚ ਸਤਿਗੁਰੂ ਜੀ ਦੇ ਇਕ-ਇਕ ਉਪਦੇਸ਼ ਦੀ ਪਾਲਣਾ ਜਿਸ ਧੀਰਜ, ਦ੍ਰਿੜਤਾ, ਸਿਦਕ, ਹਠ, ਵਿਸ਼ਵਾਸ, ਮਾਨਸਕ ਬਲ ਤੇ

ਆਤਮਕ ਸ਼ਕਤੀ ਨਾਲ ਕੀਤੀ ਹੈ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚੋਂ ਲੱਭਣੀ ਸੌਖੀ ਨਹੀਂ ਹੈ।

ਐਸੇ ਬੰਦੇ ਘਣੇ ਨਹੀਂ, ਵਿਰਲੇ ਹਨ, ਜਿਨ੍ਹਾਂ ਨੇ ਨਾਮ ਅਭਿਆਸ ਦੁਆਰਾ ਆਪਣੀਆਂ ਅੰਤਰਮੁਖੀ ਅੱਖੀਆਂ ਨਾਲ ਪ੍ਰਮਾਰਥਕ ਤਜਰਬਿਆਂ ਦਾ ਅਨੂਠਾ ਦ੍ਰਿਸ਼ ਤੱਕ ਕੇ ਬਿਸਮਾਦੀ ਦਸ਼ਾ ਦਾ ਰੰਗ ਮਾਣਿਆ ਹੈ।

ਕਿਸੇ ਵਸਤੂ ਨੂੰ ਪ੍ਰਾਪਤ ਕਰਨਾ ਤੇ ਉਸ ਨੂੰ ਸੰਭਾਲ ਕੇ ਰੱਖਣਾ ਅਲੱਗ-ਅਲੱਗ ਕਰਮ ਹਨ। ਧਨ ਕਮਾਉਣ ਵਾਲਾ ਜਦ ਸੰਜਮੀ ਨਹੀਂ ਹੁੰਦਾ ਤਾਂ ਸਾਰੀ ਕਮਾਈ ਗਵਾ ਬਹਿੰਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਕਮਜ਼ੋਰ ਦਾਮਨ ਬਖਸ਼ਸ਼ ਦਾ ਬੋਝ ਬਰਦਾਸ਼ਤ ਨਹੀਂ ਕਰਦਾ। ਮਨ ਦੀ ਇਕਾਗਰਤਾ ਤੋ ਨਾਮ ਸਿਮਰਨ ਦੁਆਰਾ ਉਤਪੰਨ ਹੋਈ ਗੈਬੀ ਸ਼ਕਤੀ ਨੂੰ ਆਪਣੀ ਮਨ-ਮਾਨੀ ਕਰਨ ਤੋਂ ਵਰਜਣ ਤੇ ਨਿਯੰਤ੍ਰਣ ਵਿਚ ਰੱਖਣ ਦੀ ਸਮੱਸਿਆ ਅਤੀ ਗੰਭੀਰ ਤੇ ਕਠਨ ਹੈ। ਕਦੇ ਕਦੇ ਰਿੱਧੀ ਸਿੱਧੀ ਦਾ ਸ੍ਵੈ-ਪ੍ਰਸਿੱਧੀ ਲਈ ਪ੍ਰਯੋਗ ਕਰਨਾ ਆਤਮਕ ਉੱਨਤੀ ਲਈ ਘਾਤਕ ਬਣ ਜਾਂਦਾ ਹੈ। ਆਪ ਨੇ ਕੁਝ ਨਿਕਟਵਰਤ ਗੁਰਸਿੱਖਾਂ ਨੂੰ ਆਪਣੀਆਂ ਚਮਤਕਾਰੀ ਸ਼ਕਤੀਆਂ ਦੇ ਵਹਿਣ ਵਿਚ ਰੁੜ੍ਹਦੇ ਤੇ ਗੁਰਸਿੱਖੀ ਤੋਂ ਪਤਿਤ ਹੁੰਦਿਆਂ ਤੱਕਿਆ। 'ਰੰਗਲੇ ਸੱਜਣ' ਪੁਸਤਕ ਵਿਚ ਲਿਖੀ ਭਾਈ ਸਰਵਣ ਸਿੰਘ ਫਲੇਵਾਲ ਦੀ ਜੀਵਨੀ, ਚਮਤਕਾਰੀ ਸ਼ਕਤੀਆਂ ਦੀ ਅਯੋਗ ਵਰਤੋਂ ਤੇ ਆਤਮ-ਨਾਸ਼ਕ, ਸਿੱਟੇ ਦੀ ਝਲਕੀ ਦਿਖਾਉਂਦੀ ਹੈ। ਇਹ ਵੀਰ ਸਾਵਧਾਨੀ ਦੀ ਪਰਵਾਹ ਨਾ ਕਰਦਿਆਂ ਰਿਧਿ, ਸਿਧਿ, ਕਰਾਮਾਤਾਂ ਦੇ ਜਾਲ ਵਿਚ ਫਸ ਕੇ ਏਨਾ ਗੁਮਰਾਹ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਜੋਗਾ ਵੀ ਨਾ ਰਿਹਾ। ਭਾਈ ਸਾਹਿਬ ਨੇ ਭੁੱਲੜ ਵੀਰ ਨੂੰ ਸੁਮਾਰਗ ਪਾਉਣ ਲਈ ਸੰਗਤ ਤੋਂ ਛੇਕਣ ਦੀ ਜੁਗਤੀ ਅਪਣਾਈ, ਜਿਸ ਨੇ ਉਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਭਾਵੇਂ ਉਸ ਦਾ ਹੰਕਾਰ ਤਾਂ ਜਲਦੀ ਟੁੱਟ ਗਿਆ, ਪਰ ਕਈ ਦਿਨ ਲੇਲ੍ਹੜੀਆਂ ਕੱਢਣ ਦੇ ਬਾਅਦ ਉਸ ਨੂੰ ਅਧਿਕਾਰੀ ਬਣਾ ਕੇ, ਕਰੜੀ ਤਨਖਾਹ ਲਾ ਕੇ ਨਾਮ-ਰਸੀਆਂ ਦੀ ਸੰਗਤ ਵਿਚ ਦੁਬਾਰਾ ਸ਼ਾਮਲ ਕੀਤਾ ਗਿਆ।

ਨੌ ਨਿਧੀਆਂ, ਅਠਾਰਹ ਸਿੱਧੀਆਂ ਨਾਮ ਦੇ ਅਧੀਨ ਹਨ ਤੇ ਭਗਤਾਂ ਦੇ ਪਿੱਛੇ ਫਿਰਦੀਆਂ ਹਨ। ਅੰਤਰਯਾਤਮਾ, ਨਿਜ ਖੰਡ ਅੰਦਰ ਬ੍ਰਹਮੰਡ ਦਾ ਪਸਾਰਾ, ਭੂਤ ਭਵਿੱਖ ਤੇ ਵਰਤਮਾਨ ਦਾ ਨਜ਼ਾਰਾ, ਪ੍ਰੇਮ-ਵੈਰਾਗੀ, ਮਸਤਾਨੀ ਅਵਸਥਾ ਵਿਚ ਛੁਪ ਕੇ ਬੈਠੇ ਨਵਰੰਗੀ ਵੀਰ ਦਾ ਦੀਦਾਰਾ, ਆਦਿ ਵਚਿੱਤਰ ਘਟਨਾਵਾਂ ਦਾ ਵਰਨਣ ਆਪ ਦੀਆਂ ਲਿਖੀਆਂ ਪੁਸਤਕਾਂ ਵਿਚ ਮਿਲਦਾ ਹੈ। ਇਸ ਦੇ ਨਾਲ ਹੀ ਪੂਰਨ ਗੁਰਸਿੱਖ ਹੋਣ ਦੇ ਨਾਤੇ ਆਪ ਨੇ ਸਖ਼ਤ ਤਾੜਨਾ ਭਰੇ ਸ਼ਬਦਾਂ ਵਿਚ ਰਿੱਧੀ ਸਿੱਧੀ ਦੇ ਕ੍ਰਿਸ਼ਮੇ ਦਿਖਾਉਣ ਤੋਂ ਵਰਜਿਆ ਹੈ, ਪਰ ਜਿੱਥੇ ਕਿੱਥੇ ਗੁਰਸਿੱਖੀ ਦੇ ਵਕਾਰ ਤੋਂ ਆਂਚ ਦਾ ਪ੍ਰਸ਼ਨ ਸਾਹਮਣੇ ਨਜ਼ਰ ਆਇਆ, ਉੱਥੋਂ ਆਪ ਨੇ ਸੂਖਮ ਸਰੀਰ ਦੁਆਰਾ ਗੁਰਸਿੱਖ ਦੀ ਰੱਖਿਆ ਲਈ, ਨਾਈ ਨੂੰ ਭੈ-ਭੀਤ ਕਰਕੇ ਕੁਕਰਮ ਕਰਨ ਤੋਂ ਰੋਕਿਆ। ਤਾਣ ਹੁੰਦਿਆਂ ਨਿਤਾਣਾ, ਮਾਣ ਹੁੰਦਿਆਂ ਨਿਮਾਣਾ ਬਣ ਕੇ ਆਪਣਾ ਜੀਵਨ ਬਿਤਾਉਣਾ ਪੂਰਨ ਗੁਰਸਿੱਖ ਨੂੰ ਹੀ ਸੋਭਦਾ ਹੈ। ਕਰਾਮਾਤੀ ਸ਼ਕਤੀਆਂ ਤੇ ਰੱਬੀ ਬਖ਼ਸ਼ਸ਼ਾਂ ਨੂੰ ਜਰਨਾ ਸੌਖੀ ਕਾਰ ਨਹੀਂ।

ਗਿਆਨੀ ਨਾਹਰ ਸਿੰਘ ਜੀ ਦੇ ਜ਼ੋਰ ਪਾਉਣ ਤੇ ਆਪ ਉਨ੍ਹਾਂ ਨੂੰ ਜੇਲ੍ਹ ਚਿੱਠੀਆਂ ਵਿਚ ਲਿਖਦੇ ਹਨ –

ਆਪ ਨੇ ਜੋ ਜੀਵਨ ਚਰਿਤ੍ਰ ਦਾ ਪਦ ਲਿਖਿਆ ਹੈ, ਇਸ ਨੂੰ ਪੜ੍ਹ ਕੇ ਮੈਨੂੰ ਬੜੀ ਲੱਜਾ ਆਈ। ਜੀਵਨ ਤਾਂ ਸ਼ਹੀਦ ਸਿੰਘਾਂ ਦੇ ਲਿਖੀਦੇ ਹੁੰਦੇ ਹਨ; ਜਿਨ੍ਹਾਂ ਨੇ ਕੋਈ ਨਿੱਗਰ ਪੰਥ ਦੀ ਸੇਵਾ ਕੀਤੀ ਹੋਵੇ ਜਾਂ ਉੱਚ ਕਲਾ ਦੀ ਕਰਣੀ ਕਰਕੇ ਦਿਖਾ ਗਏ ਹੋਣ। ਸੁਪਨੰਤ੍ਰ ਤਾਂ ਆਪ ਦੇ ਮੇਲੇ ਕਈ ਵਾਰ ਪ੍ਰਤੱਖ ਵਾਂਗ ਹੋਏ ਹਨ। ਪ੍ਰੰਤੂ ਮੇਰੇ ਹਿਰਦੇ ਵਿਚ ਇਹ ਉਮੰਗ ਜ਼ਰੂਰ ਪ੍ਰਬਲ ਹੋ ਕੇ ਉਪਜੀ ਹੈ ਕਿ ਆਪ ਦੀ ਤੇ ਆਪ ਜੈਸੇ ਅਧਿਕਾਰੀ ਸੱਜਣਾਂ ਦੀ ਖ਼ਾਤਰ, ਆਪ ਦੇ ਪਾਸ ਐਬਟਾਬਾਦ ਵਾਲੀ ਵਿਥਿਆ ਦਾ ਸੰਖੇਪ ਮਾਤਰ ਵਰਣਨ ਕਰਾਂ, ਪਰ ਮੈਨੂੰ ਇਹ ਗੱਲ ਨਹੀਂ ਭਾਉਂਦੀ ਕਿ ਆਪ ਇਸ ਨੂੰ ਆਮ ਤੌਰ ਪਰ ਪ੍ਰੈਸ ਵਿਚ ਪ੍ਰਕਾਸ਼ਤ ਕਰੋ। ਕਿਉਂਕਿ ਇਸ ਵਿਚ ਗੁਹਜ ਕਲਾ ਵਾਲੀਆਂ ਅੰਤ੍ਰੀਵੀ ਭੇਦਾਂ ਦੀਆਂ ਗੁਰਮਤਿ ਰਮਜ਼ਾਂ ਹਨ, ਜਿਨ੍ਹਾਂ ਦਾ ਖੁਲ੍ਹਮ ਖੁਲ੍ਹਾ ਪ੍ਰਗਟ ਕਰਨਾ ਗੁਰਮਤਿ ਅੰਦਰ ਪ੍ਰਵਾਨ ਨਹੀਂ।

ਪ੍ਰਾਧੀਨਤਾ ਜਾਂ ਮੁਹਤਾਜੀ, ਜਿਸ ਨੂੰ ਬਾਬਾ ਫਰੀਦ ਜੀ ਨੇ ਵੀ ਜ਼ਿੰਦਗੀ ਲਈ ਇਕ ਲਾਅਨਤ ਆਖਿਆ ਹੈ, ਭਾਈ ਸਾਹਿਬ ਵਰਗੇ ਸੰਤ ਸਿਪਾਹੀ ਇਸ ਦੇ ਵਿਰੁੱਧ ਸੰਘਰਸ਼ ਕਰਨ ਬਗ਼ੈਰ ਕਿਵੇਂ ਰਹਿ ਸਕਦੇ ਸਨ? ਉਨ੍ਹਾਂ ਨੇ ਦੀਨ, ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦੀ ਸੀਮਾ ਨਹੀਂ ਤੱਕੀ। ਦੇਸ਼ ਦੀ ਸੁਤੰਤਰਤਾ ਲਈ, ਤੇ ਰਕਾਬ ਗੰਜ ਦੀ ਕੰਧ ਨੂੰ ਬਰਕਰਾਰ ਰੱਖਣ ਲਈ ਜਾਇਦਾਦ ਦੀ ਕੁਰਕੀ ਤੇ ਉਮਰ ਕੈਦ ਦੀ ਸਜ਼ਾ ਦਾ ਖਿੜੇ ਮੱਥੇ ਸਵਾਗਤ ਕੀਤਾ।

ਗੁਰਸਿੱਖੀ ਦੀ ਸ਼ਾਨ ਨੂੰ ਬੁਲੰਦ ਰੱਖਣ, ਰਹਿਤ ਮਰਯਾਦਾ ਨਿਭਾਉਣ, ਧਰਮ ਬਚਾਉਣ ਤੇ ਭਾਣੇ ਨੂੰ ਅੰਮ੍ਰਿਤ ਸਮ ਸਮਝਣ ਲਈ ਏਨੀਆਂ ਕਠਨ ਪ੍ਰੀਖਿਆਵਾਂ ਵਿਚੋਂ ਲੰਘੇ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਦੀ ਆਤਮਾ ਕਿਸੇ ਅਲੌਕਿਕ ਰਸ ਵਿਚ ਗੜੂੰਦ ਹੋ ਜਾਂਦੀ ਹੈ ਤੇ ਸਹਿਜ ਸੁਭਾਅ ਹੀ ਭਾਈ ਸਾਹਿਬ ਦੀ ਇਰਾਦਾ-ਸ਼ਕਤੀ, ਧੀਰਜ, ਕੁਰਬਾਨੀ ਦੇ ਜਜ਼ਬੇ, ਦ੍ਰਿੜ੍ਹ ਵਿਸ਼ਵਾਸ ਤੇ ਪ੍ਰੇਮਾ ਭਗਤੀ ਅਸ਼ ਅਸ਼ ਕਰਨ ਨੂੰ ਜੀਅ ਕਰਦਾ ਹੈ।

ਸ਼ਬਦ-ਗੁਰੂ ਦੇ ਮੁਕਾਬਲੇ ਵਿਚ ਜਦੋਂ ਦੇਹ ਨੂੰ ਅਧਿਕ ਅਹਿਮੀਅਤ ਮਿਲਦੀ ਹੈ ਤਾਂ ਸ਼ਖ਼ਸੀ ਪੂਜਾ ਆਰੰਭ ਹੁੰਦੀ ਹੈ। ਸ਼ਖ਼ਸੀ ਪੂਜਾ ਤੋਂ ਪੈਦਾ ਹੁੰਦਾ ਹੈ ਗੁਰੂ-ਡੰਮ ਦਾ ਚਸਕਾ, ਜਿਸ ਤੋਂ ਸੁਚੇਤ ਰਹਿਣਾ ਤੋਂ ਸੁਚੇਤ ਰੱਖਣਾ ਗੁਰਸਿੱਖ ਦਾ ਪ੍ਰਥਮਿਕ ਕਰਤੱਵ ਹੈ। ਆਪ ਦੀ ਕਥਨੀ ਤੇ ਕਰਣੀ ਵਿਚੋਂ ਗੁਰੂ-ਡੰਮ ਵਿਰੁੱਧ ਉਠਾਈ ਧੜੱਲੇਦਾਰ ਆਵਾਜ਼ ਦੀ ਗੂੰਜ ਏਨੀ ਪ੍ਰਬਲ ਤੇ ਪ੍ਰਭਾਵਸ਼ਾਲੀ ਹੈ ਕਿ ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਵੀਰਾਂ ਨੇ ਅਖੰਡ ਕੀਰਤਨ ਦੇ ਭੌਰੇ ਗੁਰਸਿੱਖਾਂ ਨੂੰ ਅਗਿਆਨਤਾ ਕਾਰਨ ਭਾ: ਸਾ: ਭਾਈ ਰਣਧੀਰ ਸਿੰਘ ਦੇ ਚੇਲੇ ਚਪਟੇ ਕਹਿ ਕੇ ਪੁਕਾਰਿਆ ਹੈ, ਉਨ੍ਹਾਂ ਨੂੰ ਅਸਲੀਅਤ ਦਾ ਪਤਾ ਲੱਗਦਿਆਂ ਹੀ ਆਪਣੇ ਸ਼ਬਦ ਵਾਪਸ ਲੈਣੇ ਪਏ ਹਨ। ਸੰਬੰਧਤ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਭਾਈ ਸਾਹਿਬ ਦਾ (ਜਾਂ ਉਨ੍ਹਾਂ ਦੇ ਹੱਥੋਂ) ਅੰਮ੍ਰਿਤ ਛਕਿਆ ਕਹਿਣਾ ਸਰਾਸਰ ਬੇਇਨਸਾਫ਼ੀ ਹੈ, ਕਿਉਂਕਿ ਆਪ ਨੇ ਨਾਮ ਦੇਣ ਵਾਲੇ ਇਕੱਲੇ ਵਿਅਕਤੀ ਦੀ ਸਖ਼ਤ ਨਿਖੇਧੀ ਕੀਤੀ ਹੈ। 'ਨਾਮ ਦਾ ਦਾਤਾ ਕੇਵਲ ਨਾਮ-ਅਭਿਆਸੀ ਪੰਜ ਪਿਆਰਿਆਂ ਦਾ ਸਮੂਹ ਹੈ।

*ਹਉ ਸਦਕੇ ਤਿਨਾ ਗੁਰਸਿਖਾਂ, ਗੁਰ ਸਿਖ ਦੇ ਗੁਰਸਿਖ ਮਿਲਾਇਆ॥*

*(ਭਾਈ ਗੁਰਦਾਸ ਜੀ, ਵਾਰ ੧੨-ਪਉੜੀ ੯)*

ਦੀਆਂ ਗੁਰਮਤਿ-ਲੀਹਾਂ ਤੇ ਚੱਲ ਕੇ ਭਾਈ ਸਾਹਿਬ ਨੇ ਗੁਰਮੁਖਿ ਅਮਲੀ ਜੀਵਨ ਦੁਆਰਾ ਅਨੇਕਾਂ ਪ੍ਰਾਣੀਆਂ ਨੂੰ ਪ੍ਰੇਰਤ ਕਰਕੇ ਪੱਕੇ ਮਜੀਠੀ ਰੰਗ ਵਿਚ ਰੰਗਿਆ। ਇਸ ਵਿਚ ਸ਼ੱਕ ਨਹੀਂ ਕਿ ਭਾਈ ਗੁਰਦਾਸ ਜੀ ਨੇ ਨਾਮ ਜਪਣ ਦੀ ਅਨਮੋਲ ਜੁਗਤੀ 'ਸਬਦਿ ਸੁਰਤਿ' ਦੀ ਵਿਆਖਿਆ ਵਿਸਥਾਰ ਪੂਰਬਕ ਕੀਤੀ ਹੈ, ਜਿਸ ਦੇ ਆਧਾਰ ਤੇ ਤਿਆਰ-ਬਰ-ਤਿਆਰ ਪੰਜ ਪਿਆਰੇ ਨਾ-ਕੇਵਲ ਗੁਰਮੰਤ੍ਰ ਵਾਹਿਗੁਰੂ ਦੀ ਦਾਤਿ ਬਖ਼ਸ਼ਦੇ ਹਨ, ਬਲਕਿ ਅਮਲੀ ਤੌਰ ਤੇ ਦ੍ਰਿੜਾਉਂਦੇ ਵੀ ਹਨ। ਗੁਰੂ ਨਾਨਕ ਦੇਵ ਜੀ ਦੇ ਫ਼ੁਰਮਾਨ ਅਨੁਸਾਰ ਜਿਹੜਾ ਗੁਰਸਿੱਖ ਹੁਕਮ ਦੀ ਪਾਲਣਾ ਕਰਦਾ ਹੋਇਆ ਉੱਚਾ ਰੁਤਬਾ ਪਾਉਂਦਾ ਜਾਂ ਪਰਉਪਕਾਰ ਕਰਦਾ ਹੈ, ਉਹ ਹਉਮੈ ਦਾ ਸ਼ਿਕਾਰ ਨਹੀਂ ਬਣਦਾ। ਦਾਤਾਰ ਪਿਤਾ ਆਪ ਹੀ ਨਦਰਿ ਰਹਿਮਤ ਕਰਕੇ ਪੂਰਨ ਗੁਰਸਿਖ ਬਣਾਉਂਦਾ ਹੈ ਤੇ ਆਪ ਹੀ ਕੁਰਬਾਨ ਜਾਂਦਾ ਹੈ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸ਼ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥੧੧॥*

*ਮ: ੪, ਗਉੜੀ ਕੀ ਵਾਰ, ਪੰਨਾ ੩੦੬*

ਵਿਛੋੜੇ ਦਾ ਅਹਿਸਾਸ ਵਸਲ ਦਾ ਕਾਰਨ ਬਣਦਾ ਹੈ। ਬਿਰਹੋਂ-ਕੁੱਠੀ ਆਤਮਾ ਛੇਤੀ ਹੀ ਬਖ਼ਸ਼ਸ਼ਦੀ ਅਧਿਕਾਰੀ ਬਣਦੀ ਹੈ । ਭਾਈ ਸਾਹਿਬ ਨੂੰ ਆਪਣੇ ਵਿਦਿਆਰਥੀ-ਕਾਲ ਵਿਚ ਐਸਾ ਵੈਰਾਗ ਦਾ ਸੋਮਾ ਫੁਟਿਆ ਕਿ ਕਾਲਜ ਦੀਆਂ ਕਲਾਸਾਂ ਵਿਚ ਹੀ 'ਨੀਰੁ ਵਹੇ ਵਹਿ ਚਲੈ ਜੀਉ' ਦੀ ਦਸ਼ਾ ਵਾਪਰਨੀ ਆਰੰਭ ਹੋ ਗਈ। ਪਰ ਇਸ ਵੈਰਾਗ ਵਿਚ ਨਿਰਾਸ਼ਾਵਾਦ ਦਾ ਅੰਸ਼ ਨਹੀਂ, ਅਥਾਹ ਪ੍ਰੇਮ ਦੀ ਚਿਣਗ ਸੀ। ਇਸ ਚਿਣਗ ਨੇ ਐਸਾ ਰਸ ਭਰਿਆ ਕਿ ਸੰਸਾਰ ਦੇ ਸਾਰੇ ਰਸ ਤੁੱਛ ਤੇ ਨੀਰਸ ਜਾਪਣ ਲਗ ਪਏ।

ਗੁਰਸਿਖੀ ਬਾਰੀਕ ਹੈ, ਇਸ ਦੇ ਸੂਖਮ ਤੱਤਾਂ ਦਾ ਮੁਲਾਂਕਣ ਅਕਥਨੀਯ ਹੈ। ਜੈਸਾ ਕਿ -

*ਗੁਰਸਿੱਖੀ ਦਾ ਬੂਝਣਾ ਗਿਆਨ ਧਿਆਨੁ ਅੰਦਰਿ ਕਿਵ ਆਣੈ॥ ਭਾਈ ਗੁਰਦਾਸ ਜੀ, ੨੮੩*

ਆਪ ਬਾਰੇ ਇਹੋ ਆਖਿਆ ਜਾ ਸਕਦਾ ਹੈ ਕਿ ਅਭਿਆਸ ਕਮਾਈ, ਅਖੰਡ ਕੀਰਤਨ, ਰੈਣ ਸਬਾਈਆਂ, ਦਿਵਸ ਸੁਹੇਲੇ, ਨਾਮ ਸਿਮਰਨ ਸੰਬੰਧੀ ਵੀਚਾਰ, ਗੁਰਮਤਿ ਰਮਜ਼ਾਂ ਦਾ ਲਿਖਤੀ ਰੂਪ ਵਿਚ ਅਨੁਵਾਦ, ਤਾਂ ਕੇਵਲ ਅੰਤਰੀਵੀ ਅਵਸਥਾ, ਅਦੁਤੀ ਅਦ੍ਰਿਸ਼ਟ, ਪੰਚ ਪਰਵਾਨੀ ਸ਼ਖ਼ਸੀਅਤ ਦਾ ਨਾਮ ਮਾਤ੍ਰ ਪ੍ਰਗਟਾਵਾ ਹੈ। ਪਾਵਨ ਆਤਮਾ ਦੀ ਗੁਹਜ ਕਲਾ ਨੂੰ ਸਤਿਗੁਰੂ ਬਿਨਾ ਹੋਰ ਕੋਈ ਨਹੀਂ ਜਾਣਦਾ। ਘੰਟਿਆਂ ਬੱਧੀ ਇਕੋ ਆਸਣ ਬੈਠੇ ਰਹਿਣਾ, ਨਾ ਅੱਕਣਾ ਨਾ ਥੱਕਣਾ ਹਠੀਲਾ ਕਰਮ ਨਹੀਂ, ਸਮੇਂ ਦੀ ਪਾਬੰਦੀ ਤੋਂ ਮੁਕਤ ਹੋਣਾ, ਕਿਸੇ ਵਿਸ਼ੇਸ਼ ਨਿਯਮ ਦੀ ਉਲੰਘਣਾ ਨਹੀਂ, ਇਹ ਤਾਂ ਰਸਿਕ ਰਸਿਕ ਗੁਣ ਗਾਵਣ ਦੀ ਅਤਿ ਉੱਚ ਅਵਸਥਾ ਹੈ, ਪ੍ਰੇਮ ਪਿਆਲਾ ਪੀਣ ਦੀ ਇਕ ਮਸਤੀ ਹੈ

*(ਬਾਕੀ ਪੰਨਾ 21 'ਤੇ)*

# ਨਿਮਰਤਾ ਕੀ ਹੈ?

*[ਡਾ. ਗੋਬਿੰਦ ਸਿੰਘ ਜੀ ਮਨਸੁਖਾਨੀ]*

ਅਕਾਲ ਪੁਰਖ ਸਾਰੇ ਮਨੁੱਖਾਂ ਦਾ ਪਿਤਾ ਹੈ। ਕਿਸੇ ਦੀ ਹੇਠੀ ਜਾਂ ਅਪਮਾਨ ਕਰਨਾ, ਉਸ ਜੀਵ ਵਿਚ ਵਸਦੇ ਪਰਮਾਤਮਾ ਨੂੰ ਦੁਖਾਣ ਦੇ ਤੁੱਲ ਹੈ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਸਭਨਾਂ ਅੰਦਰ ਰੱਬ ਵਸਦਾ ਹੈ, ਇਸ ਲਈ ਸਭਨਾਂ ਦੇ ਚਰਨਾਂ ਦੀ ਧੂੜ ਹੋ ਕੇ ਰਹਿਣਾ ਹੀ ਪਰਮ ਧਰਮ ਹੈ। ਸਿਆਣਿਆਂ ਦਾ ਕਥਨ ਹੈ :

ਹੰਕਾਰ ਦੇ ਜ਼ਹਿਰ ਦਾ ਇਲਾਜ ਨਿਮਰਤਾ ਹੈ।

ਸਰੀਰ ਦੇ ਪੰਜ ਗਿਆਨ-ਇੰਦਰੇ ਹਨ-ਅੱਖਾਂ, ਮੂੰਹ, ਕੰਨ, ਨੱਕ ਤੇ ਹੱਥ। ਇਹ ਸਰੀਰ ਦੇ ਉਪਰਲੇ ਹਿਸੇ ਦੇ ਅੰਗ ਹਨ, ਇਹ ਸਹਿਜੇ ਹੀ ਪਾਪਾਂ ਦੀ ਲਪੇਟ ਵਿਚ ਆ ਜਾਂਦੇ ਹਨ। ਪਰ ਪੈਰ ਸਰੀਰ ਦੇ ਸਭ ਤੋਂ ਹੇਠਾਂ ਸਥਿਤ ਹਨ ਅਤੇ ਨਮਸਕਾਰ ਸਮੇਂ ਚਰਨ ਪਰਸੇ ਜਾਂਦੇ ਹਨ। ਇਹ ਬੁਰਾਈ ਵਿਚ ਬਹੁਤ ਘਟ ਪੈਂਦੇ ਹਨ। ਭਾਰਤ ਵਿਚ ਚਰਨਾਂ ਦਾ ਸਤਿਕਾਰ ਹੁੰਦਾ ਹੈ।

ਫੋਕੇ ਅਭਿਮਾਨੀ ਤੇ ਘੁਮੰਡੀ ਮਨੁੱਖ ਆਪਣੇ ਸਾਥੀਆਂ ਨੂੰ ਤੇ ਆਪਣੇ ਤੋਂ ਉੱਚਿਆਂ ਨੂੰ ਵੀ ਵੰਗਾਰਦੇ ਹਨ। ਉਹ ਇਹ ਘਟ ਹੀ ਸੋਚਦੇ ਹਨ ਕਿ ਉਨ੍ਹਾਂ ਨਾਲੋਂ ਚੰਗੇ ਤੇ ਸਿਆਣੇ ਹੋਰ ਮਨੁੱਖ ਵੀ ਹਨ। ਉਨ੍ਹਾਂ ਵਿਚ ਭਰਾਤੀ-ਭਾਵ ਦੀ ਘਾਟ ਹੁੰਦੀ ਹੈ। ਮਨੁੱਖੀ ਭਾਈਚਾਰੇ ਦੀ ਭਾਵਨਾ ਹੋਵੇ, ਤਾਹੀਓਂ ਮਨੁਖ ਦੂਜਿਆਂ ਨਾਲ ਸੁਸ਼ੀਲਤਾ ਤੋਂ ਗੰਭੀਰਤਾ ਨਾਲ ਵਰਤ ਸਕਦਾ ਹੈ।

ਗੁਰੂ ਸਾਹਿਬਾਨ ਨੇ ਨਿਮਰਤਾ ਤੇ ਹਲੀਮੀ ਦੀਆਂ ਕਈ ਮਿਸਾਲਾਂ ਪੇਸ਼ ਕੀਤੀਆਂ ਹਨ। ਜਦੋਂ ਦਾਤੂ ਨੇ ਬਿਰਧ ਅਵਸਥਾ ਦੇ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ ਤਾਂ ਗੁਰੂ ਮਹਾਰਾਜ ਨੇ ਕੋਈ ਰੋਸ ਨਹੀਂ ਸੀ ਕੀਤਾ, ਸਗੋਂ ਬੜੀ ਨਿਮਰਤਾ ਨਾਲ ਆਖਿਆ ਕਿ ਮੇਰੀਆਂ ਸਖ਼ਤ ਹੱਡੀਆਂ ਨਾਲ ਤੁਹਾਡੇ ਕੋਮਲ ਚਰਨਾਂ ਨੂੰ ਸੱਟ ਵੱਜ ਗਈ ਹੋਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸਿਰੀ ਚੰਦ ਜੀ ਨੇ ਹਾਸੇ ਹਾਸੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੂੰ ਪੁੱਛਿਆ ਕਿ ਉਨ੍ਹਾਂ ਨੇ ਏਨੀ ਲੰਮੀ ਦਾੜ੍ਹੀ ਕਿਉਂ ਰਖੀ ਹੋਈ ਹੈ? ਤਾਂ ਗੁਰੂ ਜੀ ਨੇ ਉੱਤਰ ਦਿਤਾ : ਤੁਹਾਡੇ ਪਵਿੱਤਰ ਚਰਨਾਂ ਦੀ ਧੂੜ ਝਾੜਨ ਲਈ। ਬਾਬਾ ਸਿਰੀ ਚੰਦ ਜੀ ਗੁਰੂ ਸਾਹਿਬ ਦੀ ਨਿਮਰਤਾ ਤੋਂ ਬਹੁਤ ਪ੍ਰਭਾਵਤ ਹੋਏ।

ਜਿਥੇ ਨਿਮਰਤਾ ਹੈ ਉਥੇ ਹਉਮੈ ਦਾ ਤਿਆਗ ਹੈ। ਇਹ ਹਉਮੈ ਹੀ ਹੈ ਜੋ 'ਆਪਣਾ ਮੂਲ ਪਛਾਣਨ' ਵਿਚ ਅਤੇ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ। ਗੁਰੂ ਦੇ ਸ਼ਬਦ ਦੁਆਰਾ ਹੰਕਾਰ ਦਾ ਨਾਸ਼ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਉਪਦੇਸ਼ ਦਿੰਦੇ ਹਨ -

*ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥*
*ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮਾਰੇ॥* *ਅੰਗ - ੩੭੯*

ਅਸਲ ਵਿਚ ਨਿਰਮਾਣ ਲੋਕ ਹੀ ਮਹਾਨ ਹਨ ਤੇ ਰੱਬ ਦੀ ਦਰਗਾਹ ਵਿਚ ਉਤਮ ਗਿਣੇ ਜਾਂਦੇ ਹਨ। ਫੁਰਮਾਨ ਹੈ -

*ਆਪਸ ਕਉ ਜੋ ਜਾਣੈ ਨੀਚਾ॥*
*ਸੋਊ ਗਨੀਐ ਸਭ ਤੇ ਊਚਾ॥*
*ਜਾ ਕਾ ਮਨੁ ਹੋਇ ਸਗਲ ਕੀ ਰੀਨਾ॥*
*ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥*
*ਅੰਗ - ੨੬੬*

ਸੱਚੀ ਨਿਮਰਤਾ ਦੁਆਰਾ ਰੱਬ ਦੀ ਰਜ਼ਾ ਵਿਚ ਰਹਿਣ ਦੀ ਪ੍ਰੇਰਨਾ ਮਿਲਦੀ ਹੈ। ਇਥੋਂ ਤਕ ਕਿ ਮਨੁੱਖੀ ਆਤਮਾ ਨੂੰ ਪਰਮਾਤਮਾ ਵਿਚ ਅਭੇਦ ਹੋਣ ਵਿਚ ਇਹ ਨਿਮਰ-ਭਾਵ ਹੀ ਸਹਾਈ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਹਨ -

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*
*ਅੰਗ - ੪੭੦●*

*ਨਿਵੈ ਸੁ ਗਉਰਾ ਹੋਇ॥ ਆਸਾ ਦੀ ਵਾਰ, ਪੰਨਾ ੪੭੦●*

# ਅਨਹਦ ਸ਼ਬਦ - ਦਸਮ ਦੁਆਰ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਗੁਰਮਤਿ ਦੇ ਅਨੇਕਾਂ ਸਿਧਾਂਤ ਐਸੇ ਹਨ ਜਿਨ੍ਹਾਂ ਦੀ ਵਾਸਤਵਤਾ ਉਤੇ ਗੁਰਮਤਿ-ਜਗਿਆਸੂਆਂ ਤੇ ਗੁਰਮਤਿ-ਪਾਂਧੀਆਂ ਨੂੰ ਵੀ ਦ੍ਰਿੜ ਵਿਸ਼ਵਾਸ ਭਰੋਸਾ ਨਹੀਂ ਆਇਆ, ਦੂਜਿਆਂ ਨੂੰ ਤਾਂ ਕੀ ਆਉਣਾ ਸੀ। ਗੁਰਬਾਣੀ ਅੰਦਰ ਅਨੇਕ ਥਾਈਂ ਅਨਹਦ ਸ਼ਬਦ ਦੀ ਮਹਿਮਾ ਦਰਸਾਈ ਗਈ ਹੈ ਅਤੇ ਦਸਮ ਦੁਆਰ ਦੀ ਦਰਸਤਾ ਗਾਈ ਗਈ ਹੈ। ਪ੍ਰੰਤੂ ਗੁਰਬਾਣੀ ਉਪਰ ਨਿਸਚਾ ਰਖਣ ਦੇ ਦਾਅਵੇਦਾਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਸ਼ਰਧਾ-ਭਾਵਨੀ ਲਿਆਵਣਹਾਰੇ ਪ੍ਰਸੰਸਾਕਾਰਾਂ ਅਤੇ ਕਈ ਇਕ ਅਨਿੰਨ ਸਿੱਖ ਸਦਾਵਣਹਾਰਾਂ ਨੂੰ ਭੀ ਅਜੇ ਤਾਈਂ ਸੰਸਾ ਹੈ ਕਿ ਸੱਚਮੁਚ ਇਸ ਗੁਰਮਤਿ-ਦਰਸਾਏ ਸਿਧਾਂਤ ਵਿਚ ਤੱਤ-ਹੋਂਦਨੀ ਵਾਸਤਵੀ ਸਚਾਈ ਹੈ ਜਾਂ ਨਹੀਂ?

ਗੁਰਮਤਿ ਦੇ ਇਸ ਗੰਭੀਰ ਸਿਧਾਂਤ ਉਤੇ ਕਿੰਤੂ ਕਰਨ ਵਾਲੇ ਸੰਸੇ ਤਿਨ੍ਹਾਂ ਨੂੰ ਹੀ ਉਪਜਦੇ ਹਨ, ਜਿਨ੍ਹਾਂ ਨੇ ਗੁਰਬਾਣੀ ਨੂੰ ਕੇਵਲ ਘੋਖਿਆ ਹੈ ਪਰ ਕਮਾਇਆ ਨਹੀਂ; ਸੁਣਿਆ ਪੜ੍ਹਿਆ ਹੈ ਪਰ ਅਜ਼ਮਾਇਆ ਨਹੀਂ; ਗੁਰਬਾਣੀ ਦੇ ਹੁਕਮਾਂ ਅਨੁਸਾਰ ਹੁਕਮਨ ਸਿਰ ਸੱਚੇ ਹੁਕਮ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਨਹੀਂ ਕੀਤੀ ਅਤੇ ਸਿਮਰਨ ਸਿਫ਼ਤਿ-ਸਾਲਾਹ ਮਈ ਸੱਚੀ ਸੇਵਾ ਘਾਲਣਾ ਨਹੀਂ ਘਾਲੀ। ਓਹ ਸਿਖ ਜਗਿਆਸੂ ਇਸ ਉਚ ਗੁਰਮਤਿ ਸਿਧਾਂਤ ਦੀ ਸਚਾਈ ਨੂੰ ਕੀ ਜਾਂਚ ਸਕਦੇ ਹਨ?

ਜਦ ਤਾਈਂ ਕੋਈ ਖਾਸ ਆਤਮ-ਖਿਵਸਥਾ ਕਿਸੇ ਉਪਰ ਵਾਪਰ ਨਾ ਜਾਏ, ਤਦ ਤਾਈਂ ਉਸ ਨੂੰ ਸੁਣੀ ਸੁਣਾਈ, ਪੜ੍ਹੀ ਪੜ੍ਹਾਈ ਬਿਵਸਥਾ ਉਤੇ ਵਿਸ਼ਵਾਸ ਹੀ ਨਹੀਂ ਆ ਸਕਦਾ। ਬੁੱਧੀ ਦੀਆਂ ਅਲਪੱਗ ਅਕਲੀ ਦਊੜਾਂ ਦੀ ਮੰਜ਼ਲ ਬੜੀ ਉਡੀ ਹੈ ਅਤੇ ਸਭ ਤੋਂ ਵੱਡੀ ਕਮ-ਅਕਲੀ ਇਹ ਹੈ ਕਿ ਅਲਪੱਗ ਬੁੱਧੀ ਦੀ ਗੁੰਮਤਾਂ ਤੋਂ ਅਗੋਚਰ ਗੁਰਮਤਿ ਸਿਧਾਂਤ ਦੇ ਅਸੂਲਾਂ ਨੂੰ ਪਰਖਣ, ਮਾਪਣ ਅਤੇ ਜਾਚਣ ਲਈ ਇਸ ਅਲਪੱਗ ਬੁੱਧੀ ਦੀ ਕਸਉਟੀ ਹੀ ਲਾਈ ਜਾਏ।

ਗੁਰਸਿਖੀ ਦਾ ਮੁੱਢ ਏਥੋਂ ਅਰੰਭ ਹੁੰਦਾ ਹੈ ਕਿ ਜੋ ਕੁਛ ਗੁਰਬਾਣੀ ਆਖਦੀ ਹੈ, ਉਸ ਨੂੰ ਸਤਿ ਸਤਿ ਕਰਕੇ ਮੰਨਿਆ ਜਾਏ ਅਤੇ ਗੁਰਮਤਿ ਦੇ ਅਗਮ ਅਗੋਚਰ ਸਿਧਾਂਤਾਂ ਉਤੇ ਬਿਨਾਂ ਕਿੰਤੂ ਕੀਤੇ ਈਮਾਨ ਲਿਆਂਦਾ ਜਾਏ। ਇਨ੍ਹਾਂ ਸਿਧਾਂਤਾਂ ਉਤੇ ਈਮਾਨ ਲਿਆਉਣਾ ਹੀ ਕਾਫ਼ੀ ਨਹੀਂ, ਬਲਕਿ ਉੱਤਮ ਜਗਿਆਸਾ ਇਹ ਹੈ ਕਿ ਇਹਨਾਂ ਸਿਧਾਂਤਾਂ ਨੂੰ ਸਤਿ ਕਰਕੇ ਮੰਨਦੇ ਹੋਇਆਂ, ਇਨ੍ਹਾਂ ਦੇ ਆਦਰਸ਼ੀ ਅਉਜ਼ ਉਤੇ ਅਪੜਨ ਲਈ ਗੁਰਬਾਣੀ ਦੇ ਹੁਕਮਾਂ ਅਨੁਸਾਰ ਅਮਲੀ ਜੀਵਨ ਜੀਆਵਨੀ ਘਾਲਣਾ ਘਾਲੀ ਜਾਵੇ। ਪ੍ਰਮਾਰਥੀ ਸਿਧਾਂਤਾਂ ਦੀ ਸੱਚ-ਪਤਿਆਰਨੀ-ਪਤੀਜ ਤਾਂ ਇਸ ਅਉਜ਼ ਤੋਂ ਅਪੜਿਆਂ ਹੀ ਆਉਂਦੀ ਹੈ। ਪਰ ਤੱਤ-ਪ੍ਰਮਾਰਥੀ ਮੰਜ਼ਲ ਦੀ ਅਉਜ਼ ਤੇ ਅਪੜਿਆਂ ਹੋਇਆਂ ਦੀ ਸੰਗਤ ਭੀ ਇਸ ਸੰਬੰਧੀ ਸ਼ਰਧਾ ਉਪਜਾਉਣ ਅਤੇ ਈਮਾਨ ਲਿਆਉਣ ਲਈ ਬਹੁਤ ਸਹਾਈ ਹੈ -

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥* *ਅੰਗ* - ੮੯੪੮

ਵਾਲਾ ਗੁਰਵਾਕ ਗੁਰਸਿਖ ਜਗਿਆਸੂਆਂ ਨੂੰ ਇਹ ਸ਼ਰਧਾਉਂਦਾ ਹੈ ਕਿ ਸਰਬੱਗ ਮਹਾਂਪੁਰਸ਼ਾਂ, ਸੰਤਨ ਸਿਰ ਸੱਚੇ ਸੰਤਾਂ, ਧੁਰ ਪਠਾਏ ਗੁਰ-ਸੰਤਾਂ ਨੇ ਜੋ ਕੁਝ ਧੁਰੋਂ ਧੁਰਾਈ ਗੁਰਬਾਣੀ ਦੁਆਰਾ ਉਚਾਰਿਆ ਹੈ, ਸੋ ਤੱਤ ਵਾਸਤਵ ਸੱਚੀ ਸਾਖਾ ਭਰੀ ਹੈ, ਉਸ ਵਿਚ ਰੰਚਕ ਭੀ ਸੰਸਾ ਸੰਦੇਹ ਨਹੀਂ। ਸਿਖ ਜਗਿਆਸੂ ਦੀ ਸ਼ਰਧਾ ਜਦੋਂ ਏਸ ਸੰਸੇ ਤੋਂ ਅਗਾਹਾਂ ਨਿਖਰ ਤੁਰੀ, ਜਦ ਦੂਜਾ ਕਦਮ ਉਹ ਸ਼ਰਧਾਲੂ ਜਨ ਜੋ ਚੁਕੇਗਾ, ਉਹ ਉਸ ਸਚਿਆਈ ਵਾਲੇ ਆਦਰਸ਼ਕ ਅਉਜ ਤੋਂ ਅਪੜਨ ਲਈ ਸ਼ਰਧਾ ਭਰੇ ਉਮਾਹਿਆਂ ਵਾਲਾ ਹੋਵੇਗਾ। ਇਸ ਬੀਜ ਅੰਸਕ ਸ਼ਰਧਾ ਸੇਤੀ ਸਰਧਾਂਤ ਹੋ ਕੇ ਹੀ ਸਿਖ ਜਗਿਆਸੂ ਦੀ ਅਭਿਆਸ ਕਮਾਈ ਸਫਲ ਫਲਾਈ ਹੋ ਸਕਦੀ ਹੈ।

ਸਫਲ ਫਲਾਈਆਂ ਵਾਲੀ ਘਾਲਣਾ ਦੇ ਘਾਲਣਹਾਰੇ ਸ਼ਰਧਾਲੂ ਜਨਾਂ ਨੂੰ ਆਦਰਸ਼ਕ ਅਊਜ਼ ਉਤੇ ਅਪੜਨ ਦੀ ਸਮਰੱਥਾ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਗੁਰਮੁਖ ਪਿਆਰਿਆਂ ਗੁਰੂ ਦੁਲਾਰਿਆਂ ਨੂੰ ਗੁਰੂ-ਨਦਰ-ਕਰੰਮੀ ਇਹ ਸਫਲਤਾ ਹੋ ਜਾਂਦੀ ਹੈ, ਓਹੀ ਦਸਮ ਦੁਆਰ ਦੀ ਬਿਸਮ-ਅਨੰਦ ਖੇਡ ਦੇ ਖਿਡਾਰੀ ਹੋ ਕੇ ਅਨਹਦ ਸ਼ਬਦ ਦੀ ਪਰਮ ਪਤਿਆਰੀ ਤੱਤ-ਲਖਤਾ ਨੂੰ ਪ੍ਰਾਪਤ ਹੁੰਦੇ ਹਨ। ਦਸਮ ਦੁਆਰ ਦੀ ਅਨਹਦ ਅਨੰਦੀ ਮਉਜ ਨੂੰ ਮਾਨਣਹਾਰੇ ਇਸ ਮਉਜ ਨੂੰ ਮਾਣਦੇ ਹਨ, ਲਖਦੇ ਹਨ, ਪਰ ਲਖਾਉਂਦੇ ਨਹੀਂ। ਨਿਰਖਦੇ ਹਨ, ਪਰ ਨਿਰਖਾਉਂਦੇ ਨਹੀਂ। ਲਖਾਵਣ, ਨਿਰਖਾਵਣ ਲਈ ਉਹਨਾਂ ਦੀ ਪਰੋਖੋਂ ਹੀ ਨਹੀਂ ਰਹਿੰਦੀ। ਅਨਹਦ ਸ਼ਬਦ ਦੀ ਅਨਹਦਤਾ ਵਿਚ ਸਮਾਈ ਰਖਣ ਵਾਲੇ ਗੁਰਸਿਖਾਂ ਦੀ ਬੜੀ ਮਾਣਾਈ ਹੈ। ਓਹ ਅਜਰ ਨੂੰ ਜਰ ਕੇ ਜਣਾਉਂਦੇ ਨਹੀਂ ਅਤੇ ਅਲੱਖ ਨੂੰ ਲਖ ਕੇ ਲਖਾਉਂਦੇ ਨਹੀਂ।

ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਖੇਡ ਨੂੰ ਖਿਲਾਉਣ ਬਣਾਉਣਹਾਰੇ ਬਾਜ਼ਾਰੀਆਂ, ਪਰਪੰਚ ਮਤਾਰੀਆਂ ਨੇ ਇਹ ਆਪਣਾ ਢਕੋਸਲਾ ਹੀ ਬਣਾ ਛਡਿਆ ਹੋਇਆ ਹੈ ਕਿ ਮਨ-ਮਤਸਰੀ ਹੋ ਕੇ ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਪਹੁੰਚ ਦੀਆਂ ਡੀਂਗਾਂ ਮਾਰਨ ਲੱਗ ਪੈਂਦੇ ਹਨ। ਅੰਦਰ ਉਹਨਾਂ ਦੇ ਕੱਖ ਨਹੀਂ ਹੁੰਦਾ, ਫੋਕੀਆਂ ਟਾਹਰਾਂ ਮਾਰ ਕੇ ਲੋਕਾਂ ਨੂੰ ਫੁਸਲਾਉਂਦੇ ਹਨ।

ਤਿਨ੍ਹਾਂ ਫੋਕਟ-ਧਰਮੀਆਂ ਦੀ ਫੋਕਟਤਾ ਨੂੰ ਖੰਡਨ ਕਰਨ ਦੇ ਥਾਉਂ, ਉਕਤ ਪਾਖੰਡ-ਮਤਿ-ਅਵਲੰਬੀਆਂ ਦੇ ਪਾਖੰਡ ਨੂੰ ਖੰਡਨਹਾਰੇ ਉਲਟਾ ਅਨਹਦ ਸ਼ਬਦ ਨੂੰ ਖੰਡਨ ਕਰਨ ਦੇ ਵਹਿਣ ਵਿਚ ਪੈ ਜਾਂਦੇ ਹਨ। ਗੁਰਮਤਿ ਸਿਧਾਂਤ ਅਵਲੰਬੀ ਭੀ ਏਸ ਵਹਿਣ ਵਿਚ ਰੁੜ ਜਾਂਦੇ ਹਨ। ਖੰਡਨ ਮੰਡਨ ਦੀ ਖਲਜਗਣ ਓਹਨਾਂ ਤੋਂ ਨਿਜ ਮਤਿ, ਗੁਰਮਤਿ ਦਾ ਖੰਡਨ ਕਰਾ ਲੈਣ ਦੀ ਮਨਮਤ ਭੀ ਕਰਾ ਲੈਂਦੀ ਹੈ; ਐਥੋਂ ਤਾਈਂ ਕਿ ਓਹਨਾਂ ਦੀ ਅਨਹਦ ਸ਼ਬਦ ਮੰਡਨੀ ਗੁਰਮਤਿ ਸਿਧਾਂਤ ਉਤੇ ਸ਼ਰਧਾ ਹੀ ਰਹਿ ਖੜੋਂਦੀ ਹੈ।

ਗੁਰਮਤਿ ਤੋਂ ਘੁਥਿਆਂ ਅਨਮਤੀਆਂ ਤੋਂ ਤਾਂ ਦਸਮ ਦੁਆਰ ਦੀ ਓਹਨਾਂ ਨੂੰ ਤਾਂ ਤੀਨ ਕਾਲ ਅਨਹਦ ਸ਼ਬਦ ਦੀ ਪ੍ਰਾਪਤੀ ਹੀ ਨਹੀਂ ਹੁੰਦੀ। ਘਟਦਾ ਹੈ -

*ਅਖੀ ਤ ਮੀਟਹਿ ਨਾਕੁ ਪਕੜਹਿ ਠਗਣ ਕਉ ਸੰਸਾਰੁ*
*ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥*
*ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥੨॥*
*ਅੰਗ - ੬੬੨*

ਤਿਨ੍ਹਾਂ ਘੁੱਗੂ-ਮਟ-ਵਾਸੀਆਂ ਨੂੰ ਤਾਂ ਕੰਨਾਂ ਦੀ ਘੂੰ ਘੂੰ ਹੀ ਅਨਹਦ ਸ਼ਬਦ ਦੇ ਭੁਲੇਖੇ ਵਿਚ ਭੁਚਲਾਈ ਫਿਰਦੀ ਹੈ। ਉਹ ਬਪੁੜੇ ਜੀਵ ਆਪਣਾ ਲੋਕ ਪਰਲੋਕ ਵਿਗਾੜ ਲੈਂਦੇ ਹਨ। ਏਹਨਾਂ ਪਰਪੰਚੀਆਂ ਅਤੇ ਅਨਹਦ ਸ਼ਬਦ ਦੇ ਪੰਚ ਪ੍ਰਗਟਾਰੀਆਂ ਨੇ ਗੁਰਸਿਖਾਂ ਨੂੰ ਭੁਚਲਾਉਣ ਭਰਮਾਉਣ ਲਈ ਗੁਰਬਾਣੀ ਵਿਚੋਂ ਹੀ ਅਨਹਦ ਸ਼ਬਦ ਤੇ ਦਸਮ ਦੁਆਰ ਦੇ ਸ਼ਬਦ ਗੁਰਵਾਕ ਚੁਰਾ ਕੇ ਆਪਣੇ ਪਰਪੰਚ ਦਾ ਬਾਜ਼ਾਰ ਖਿਲਾਰ ਛੱਡਿਆ ਹੈ।

ਪਰ ਦੂਜੇ ਪਾਸੇ ਗੁਰਬਾਣੀ ਦੇ ਸ਼ਰਧਾਲੂ ਅਨੇਕਾਂ ਗੁਰਸਿਖ ਐਸੇ ਹਨ, ਜਿਨ੍ਹਾਂ ਨੇ ਉਨ੍ਹਾਂ ਪਰਪੰਚੀਆਂ ਦੀ ਪ੍ਰਮਾਣ-ਪਰਪਾਟੀ ਤੋਂ ਖੁਣਸਾਉਂਦਿਆਂ ਹੋਇਆ ਅਨਹਦ ਸ਼ਬਦ ਪ੍ਰਥਾਇ ਪ੍ਰਮਾਣੇ ਗੁਰਮਤਿ ਪ੍ਰਮਾਣਾਂ ਦੇ ਤੱਤ-ਭਾਵ ਦੀ ਵਾਸਤਵੀ ਸਚਾਈ ਤੋਂ ਮੁਨਕਰ ਹੋਣ ਦਾ ਵਤੀਰਾ ਅਖ਼ਤਿਆਰ ਕਰ ਲਿਆ ਹੈ। ਉਹਨਾਂ ਦੀ ਬੁੱਧੀ ਅੰਦਰ ਵਿਤੰਡਾਵਾਦ ਦੀ ਖਲਜਗਣ ਤੋਂ ਉਪੰਨੀ ਭਰਮ ਅਗਿਆਨ ਦੀ ਤਿਮਰਤਾ ਛਾਈ ਹੋਈ ਹੈ। ਉਹ ਆਪਣੇ ਆਪ ਨੂੰ ਗੁਰਬਾਣੀ ਦੇ ਅਨਿੰਨ ਸ਼ਰਧਾਲੂ ਬਣਾਉਂਦੇ ਹੋਏ ਭੀ ਅਨਹਦ ਸ਼ਬਦ ਦੀ ਅਹਿਮੀਅਤ (ਅਹਿਮਤਾ ਭਰੀ ਹੋਂਦ) ਤੋਂ ਆਕੀ (ਓਗਨੋਸਟਿਚ) ਹਨ।

ਗੁਰਬਾਣੀ ਦੇ ਸ਼ਰਧਾਲੂ ਸਿਖ ਜਗਿਆਸੂਆਂ ਦੀ ਅਨਿੰਨ ਸ਼ਰਧਾ ਏਸੇ ਗੱਲ ਵਿਚ ਹੈ ਕਿ ਜੋ ਕੁਝ ਗੁਰਬਾਣੀ ਕਹੇ, ਤਿਸ ਨੂੰ ਸਤਿ ਸਤਿ ਕਰ ਕੇ ਮੰਨਣ ਅਤੇ ਉਸ ਦੇ ਅਨੁਸਾਰ ਤੇ ਅਨੁਕੂਲ ਹੋ ਕੇ ਕਾਰ ਕਮਾਵਣ।

ਜਿਥੇ ਜਿਥੇ ਭੀ ਗੁਰਬਾਣੀ ਅੰਦਰ ਗੰਭੀਰ ਪ੍ਰਮਾਰਥਕ ਵਿਸ਼ੇ ਥਾਇ ਅਜਿਹੇ ਗੂੜ੍ਹ ਆਸ਼ੇ ਨਿਰੂਪਣ ਹੋਏ ਹਨ, ਜਿਨ੍ਹਾਂ ਨੂੰ ਅਪੜਨ ਦੀ ਅਲਪੱਗ ਬੁੱਧੀ ਨੂੰ ਗੰਮਤਾ ਪ੍ਰਾਪਤ ਨਹੀਂ, ਉਨ੍ਹਾਂ ਦੀ ਸਚਾਈ ਤੇ ਹੋਂਦ ਤੋਂ ਮੁਨਹਰਫ਼ ਹੋਣਾ ਉਚਿਤ ਨਹੀਂ। ਤਿਨ੍ਹਾਂ ਗਹਿਰ ਗੰਭੀਰ ਗੁਰਮਤਿ ਆਸ਼ਿਆਂ ਦੀ ਸਚਾਈ ਦਾ ਭੇਦ ਉਦੋਂ ਖੁਲ੍ਹੇਗਾ ਜਦੋਂ ਹੁਕਮਨ ਸਿਰ ਹੁਕਮ ਗੁਰਮਤਿ ਨਾਮ ਦੀ ਕਮਾਈ ਕਰਦਿਆਂ ਹੋਇਆਂ ਦਸਮ ਦੁਆਰ ਦੀ ਖੇਡ ਵਾਲੀ ਅਨਹਦ ਸ਼ਬਦ ਦੀ ਦਸ਼ਾ ਓਹਨਾਂ ਉਤੇ ਵਾਪਰੇਗੀ। ਜਿਨ੍ਹਾਂ ਉਤੇ ਵਾਪਰੀ ਹੈ, ਓਹੀ ਅਨਹਦ ਸ਼ਬਦ ਦੀ ਸਾਰ ਨੂੰ ਜਾਣਦੇ ਹਨ; ਬਿਨਾਂ ਵਾਪਰੇ ਪ੍ਰਤੀਤ ਨਹੀਂ ਉਪਜਦੀ।

*'ਅਨਹਦ ਸ਼ਬਦ-ਦਸਮ ਦੁਆਰ' ਪੁਸਤਕ ਵਿਚੋਂ*

# ਸੰਗਤ ਕੀਨੀ ਖਾਲਸਾ

*[ਪ੍ਰਿੰ. ਜੋਗਿੰਦਰ ਸਿੰਘ ਜੀ]*

ਭਾਈ ਗੁਰਦਾਸ ਸਿੰਘ, ਗੁਰੂ ਗੋਬਿੰਦ ਸਿੰਘ, ਜੀ ਦੀ ਉਪਮਾ ਵਿੱਚ ਵਾਰ ਵਾਰ ਸ੍ਰੀ ਭਗਾਉਤੀ ਜੀ ਕੀ ਪਾਤਸ਼ਾਹੀ ੧੦, ਵਿਚ ਜਦੋਂ ਖਾਲਸੇ ਦੀ ਮਹਿਮਾ, ਖਾਲਸੇ ਦੇ ਤੇਜ-ਬੱਲ ਤੇ ਖਾਲਸੇ ਦੇ ਗੌਰਵ ਬਾਰੇ ਆਪਣੇ ਵਿਚਾਰ - ਅਨੁਭਵ ਪ੍ਰਗਟਾਂਦੇ ਹਨ, ਤਾਂ ਉਹ ਇਹ ਵੀ ਤੱਥ ਮੂਰਤੀਮਾਨ ਕਰ ਜਾਂਦੇ ਹਨ, ਕਿ ਦਸਮ ਪਾਤਸ਼ਾਹ ਨੇ ਜਿਸ ਨੂੰ 'ਖਾਲਸਾ' ਆਖਿਆ ਹੈ, ਉਹ ਸੰਗਤ ਦਾ ਹੀ ਵਟਿਆ ਤੇ ਵਿਗਸਿਆ ਹੋਇਆ ਰੂਪ ਹੈ। ਸੰਗਤ ਤੇ ਖਾਲਸੇ ਦੀ ਮੂਲ ਤੇ ਅਧਿਆਤਮਿਕ ਵਿਸ਼ਵਾਸ਼ ਪ੍ਰੰਪਰਾ ਭਾਵੇਂ ਇੱਕੋ ਹੈ, ਪਰ ਸਰੂਪ ਤੇ ਆਦਰਸ਼ ਵਿੱਚ ਸਪੱਸ਼ਟ ਅੰਤਰ ਹੈ। ਅਸਲ ਵਿੱਚ ਇਹੀ ਵਿੱਲਖਣਤਾ ਖਾਲਸੇ ਨੂੰ 'ਨਿਆਰਾ' ਸਿੱਧ ਕਰਦੀ ਹੈ। ਨਿਆਰਾ ਸਰੂਪ ਗ੍ਰਹਿਣ ਕਰਕੇ ਵੀ ਜੋ ਖਾਲਸਾ ਨਾਨਕ ਨਾਮ ਦੀ ਪ੍ਰਾਪਤੀ, ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੇ ਵਰਦਾਨ ਵਾਸਤੇ ਸੰਗਤ ਵਿੱਚ ਜੁੜਦਾ ਹੈ,ਤਾਂ ਸਪਸ਼ੱਟ ਹੈ ਕਿ 'ਖਾਲਸਾ' ਬਣਨ ਵਾਸਤੇ ਜਾਂ ਖਾਲਸਈ ਤੇਜ਼ ਵਿੱਚ ਜਿਉਣ ਲਈ 'ਖਾਲਸਾ' ਆਪਣਾ ਵਾਸ 'ਸੰਗਤ' ਵਿੱਚ ਰੱਖੇ।

'ਸੰਗਤ' ਦਾ ਜੋ ਸੰਕਲਪ ਗੁਰਬਾਣੀ ਵਿਚੋਂ ਰੂਪਮਾਨ ਹੋਇਆ ਹੈ, ਉਸ ਦਾ ਪ੍ਰਥਮ ਸਰੂਪ ਇਹੀ ਹੈ ਕਿ ਸੰਗਤ ਹਮੇਸ਼ਾਂ ਉਹੀ ਹੋ ਸਕਦੀ ਹੈ, ਜਿਸ ਦਾ ਵਿਸ਼ਵਾਸ਼, ਵਿਚਾਰ-ਅਨੁਭਵ ਤੇ ਆਦਰਸ਼ 'ਪ੍ਰਭੂ' ਦੁਆਲੇ ਕੇਂਦਰਿਤ ਹੈ। ਜੋ ਸੰਗਤ ਦੀ ਸੁਰਤਿ, ਸੋਚਣੀ, ਆਚਾਰ ਤੇ ਆਦਰਸ਼ 'ਪ੍ਰਭੂ-ਕੀਮਤਾਂ' ਨੂੰ ਉਤਾਰਣ ਵਾਲਾ ਨਹੀਂ, ਨਿਸਚੇ ਹੀ ਉਹ ਸੰਗਤ ਨਹੀਂ, ਐਵੇਂ ਸੰਸਾਰੀ ਮਨੁੱਖਾਂ ਦਾ ਇਕ ਇਕੱਠ ਹੈ। ਸੰਗਤ-ਸਿਰਜਨਾ ਲਈ ਹਉਮੈ, ਭਰਮ-ਭਉ, ਤੇ ਦਵੈਤ-ਦੁਬਿਧਾ ਤੋਂ ਮੁਕਤ ਹੋ ਕੇ, ਸਮਾਜਕ ਸੱਤਾ ਉੱਤੇ ਬਰਾਬਰ ਬੈਠਣਾ ਪੈਂਦਾ ਹੈ। ਬਰਾਬਰਤਾ ਜਾਂ ਸਮਾਨਤਾ ਦੇ ਭਾਵ-ਜਗਤ ਵਿਚ ਕੁਲ-ਕ੍ਰਿਤ, ਅਮੀਰ-ਗਰੀਬ, ਜਾਤਿ-ਪਤਿ ਤੋ ਉਚੇ-ਨੀਵੇਂ ਦਾ ਕੋਈ ਵੀ ਵਿਤਕਰਾ ਸਵੀਕਾਰ ਨਹੀਂ ਕੀਤਾ ਜਾਂਦਾ। ਸ਼ਾਇਦ ਇਹੀ ਕਾਰਨ ਹੈ ਗੁਰਸਿਖਾਂ ਦੀਆਂ ਸੰਗਤਾਂ ਵਿਚ ਵਿਤਕਰੇ ਦੇ ਕਿਸੇ ਵੀ ਅੰਸ਼ ਨੂੰ ਕਦੀ ਵੀ ਮਾਨਤਾ ਪ੍ਰਾਪਤ ਨਹੀਂ ਹੋਈ।

ਸੰਗਤ-ਸਿਰਜਨਾ ਦੀ ਮੂਲ ਬਿਰਤੀ 'ਧਰਮ' ਵਾਲੀ ਹੈ। ਦੋ ਜਾਂ ਦੋ ਤੋਂ ਵੱਧ ਧਰਮੀ ਸਿੱਖ ਜਿਥੇ ਵੀ ਜੁੜ ਕੇ ਬੈਠਣ, ਉਹ ਇਕ ਤਰ੍ਹਾਂ ਦੀ ਸੰਗਤ-ਸਿਰਜਨਾ ਕਰ ਰਹੇ ਹਨ। ਜਦੋਂ ਗੁਰੂਬਾਣੀ ਵਿਚ ਸਾਧ ਸੰਗਤ, ਸਤਿ-ਸੰਗਤ, ਸੁਸੰਗਤ ਤੇ ਸਾਧ-ਸੰਗ ਦੇ ਸ਼ਬਦ ਵਰਤੇ ਜਾਂਦੇ ਹਨ ਤਾਂ ਸਾਧ ਤੇ ਸੰਗਤਿ ਪੱਦ ਧਰਮ ਤੇ ਧਰਮੀ ਦੇ ਪ੍ਰਤੀਕ ਹਨ। ਜਦੋਂ ਗੁਰੂ ਰਾਮਦਾਸ ਜੀ 'ਸੰਗਤਿ' ਵਿਚ ਜੁੜ ਬੈਠਣ ਦਾ ਫਲ ਦਰਸਾਂਦੇ ਹਨ -

***ਜਨਮ ਜਨਮ ਕੀ ਹਉਮੈ ਮਲੁ ਲਾਗੀ***
***ਮਿਲਿ ਸੰਗਤਿ ਮਲੁ ਲਹਿ ਜਾਵੈਗੋ॥ ਅੰਗ - ੧੩੦੯***

ਤਾਂ ਸਪਸ਼ਟ ਹੈ, ਕਿ ਸੰਗਤ ਵਿਚ ਧਰਮ-ਸਮਰੱਥਾ ਹੈ। ਜਿਥੇ ਧਰਮ-ਸਮਰਥਾ ਹੈ, ਉਥੇ ਹਉਮੈ ਦੀ ਮਲ ਦਾ ਕੋਈ ਥਾਂ ਨਹੀਂ! ਧਰਮ ਤੇ ਹਉਮੈਂ ਦਾ ਤਾਂ ਕਦੀ ਮੇਲ ਹੋਇਆ ਹੀ ਨਹੀਂ। ਧਰਮ ਵਿਚ ਪ੍ਰਥੱਮਤਾ ਹਮੇਸ਼ਾਂ ਨਾਮ ਦੀ ਰਹੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਸੰਗਤ ਦਾ ਸੰਕਲਪ ਨਿਸ਼ਚਿਤ ਕੀਤਾ ਤਾਂ ਉਹਨਾਂ ਨੇ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਕਿ ਸੰਗਤ ਉਹੀ ਹੈ, ਜਿਥੇ ਨਾਮ ਦੀ ਮਹਿਮਾ ਦਾ ਵਖਾਣ ਜਾਂ ਗਾਇਨ ਕੀਤਾ ਜਾਂਦਾ ਹੈ।

***ਸਤਿਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ।***
***ਅੰਗ - ੭੨***

ਨਾਮ ਤੇ ਧਰਮ ਦੇ ਆਚਾਰ ਵਿੱਚ ਕੋਈ ਭਿੰਨ ਭੇਦ ਨਹੀਂ। ਨਾਮ ਧਰਮ-ਸਮਰੱਥਾ ਨੂੰ ਉਜਾਗਰ ਕਰਦਾ ਹੈ ਤੇ ਧਰਮ-ਸਮਰੱਥਾ ਸੰਗਤ ਨੂੰ ਚੜ੍ਹਦੀ ਕਲਾ ਪ੍ਰਦਾਨ ਕਰਦੀ ਹੈ। ਪ੍ਰਭੂ ਨੂੰ ਇਸ਼ਟ-ਆਸਰਾ ਜਾਂ ਕੇਂਦਰ ਬਿੰਦੂ ਮੰਨ ਕੇ

ਕੀਤੀ ਅਧਿਆਤਮਕ ਸਾਧਨਾ ਦਾ ਵੱਡਾ ਆਦਰਸ਼ ਸੰਗਤ-ਸਿਰਜਨਾ ਦਾ ਹੀ ਹੈ। ਕਿਉਂਕਿ ਵਿਅਕਤੀਗਤ ਤੇ ਸਮਾਜਕ ਜਲਨ ਨੂੰ ਬੁਝਾਣ ਵਿਚ ਜੋ ਯੋਗਦਾਨ ਸਤਿਸੰਗਤ ਜਾਂ ਸਾਧ-ਸੰਗਤ ਪਾ ਸਕਦੀ ਹੈ, ਅਜਿਹਾ ਯੋਗਦਾਨ ਕੋਈ ਹੋਰ ਸੰਗ ਨਹੀਂ ਪਾ ਸਕਦਾ। ਗੁਰੂ ਅਰਜਨ ਪਾਤਿਸ਼ਾਹ 'ਸੰਗਤਿ' ਦਾ ਮਹੱਤਵ ਇਸੇ ਭਾਵ ਤੋਂ ਹੀ ਪ੍ਰਗਟਾਂਦੇ ਹਨ -

***ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ***
***ਸਾਧਸੰਗਿ ਮੇਰੀ ਜਲਨਿ ਬੁਝਾਈ।         ਅੰਗ - ੨੦੪***

ਅਰਥਾਤ ਧਰਮੀਆਂ ਦੀ ਸੰਗਤ ਵਿਚ ਭਰੇ ਸੰਸਾਰ ਦੀ ਜਲਨਿ ਅਗਨਿ ਬੁਝਾਣ ਵਿਚ ਸਭ ਤੋਂ ਵੱਧ ਸਹਾਇਕ ਹੁੰਦੀ ਹੈ।

ਧਰਮ ਦਾ ਆਚਾਰ ਤੇ ਸਰੂਪ ਨਿਰੰਤਰ ੨੩੯ ਸਾਲ ਗੁਰੂ ਜੋਤਿ ਨੇ ਜੋ ਪ੍ਰਗਟਾਇਆ ਅਤੇ ਪ੍ਰਵਾਨ ਕੀਤਾ ਹੈ, ਉਹ ਸ਼ੁਧ ਰੂਪ ਵਿਚ ਅਧਿਆਤਮਕ ਹੈ ਤੇ ਉਸਦਾ ਉਜਿਆਰਾ ਪੱਖ ਨਿਰੋਲ ਗਿਆਨਮਈ ਹੈ।ਧਰਮ-ਜਗਤ ਵਿਚ ਨਿਰਾਰਥਿਕ ਕ੍ਰਿਆਚਾਰ, ਸੰਪਰਦਾਇਕ ਭਾਵਨਾ, ਪ੍ਰਚੱਲਤ ਰਸਮਾਂ, ਰੀਤਾਂ ਤੇ ਕਰਮਕਾਂਡ ਨੂੰ ਤਾਂ ਗੁਰੂ ਸਾਹਿਬ ਨੇ ਧਰਮ ਜਾਂ ਧਰਮ ਦੇ ਅੰਗ ਸਵੀਕਾਰ ਕੀਤਾ ਹੀ ਨਹੀਂ। ਧਰਮ ਦਾ ਸੰਬੰਧ ਗੁਰੂ ਸਾਹਿਬਾਂ ਨੇ ਸਿੱਧਾ ਆਤਮ-ਬੋਧ ਜਾਂ ਆਤਮ-ਜਾਗ੍ਰਿਤੀ ਨਾਲ ਜੋੜਿਆ ਹੈ। ਗੁਰੂ ਬਾਣੀ ਤੇ ਗੁਰੂ ਧਰਮ ਦਾ ਵੱਡਾ ਮੰਤਵ ਵੀ ਸਿੱਖ ਦੇ ਅਨੁਭਵ, ਬੁਧਿ ਤੇ ਕਰਮ ਨੂੰ ਬਿਬੇਕਸ਼ੀਲ ਜਾਂ ਅਧਿਆਤਮਿਕ ਗਿਆਨ ਵਾਲਾ ਬਣਾਓਣਾ ਹੀ ਹੈ। ਭਿੱਜੀ ਤੇ ਸ਼ਿੰਗਾਰੀ ਸਿੱਖ-ਆਤਮਾ ਸਦਾ ਸਹਿਜ ਵਿਚ ਵਿਚਰਦੀ ਹੈ ਸਹਿਜ ਮੰਡਲ ਵਿਚ ਮੋਹ ਤੇ ਸਹਸਾ ਬਿਲਕੁੱਲ ਨਹੀਂ ਹੁੰਦਾ, ਕੇਵਲ ਆਨੰਦ ਤੇ ਅੰਮ੍ਰਿਤ ਦੀ ਪ੍ਰਧਾਨਤਾ ਦਾ ਹੀ ਪਸਾਰ ਹੁੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਧਰਮੀਆਂ ਦੀ ਸੰਗਤ ਵਿਚ ਜਿਹੜਾ ਵੀ ਜੁੜ ਬੈਠਦਾ ਹੈ, ਉਹ ਅਨੰਦਪੁਰ ਦਾ ਵਾਸੀ ਬਣ ਜਾਂਦਾ ਹੈ ਤੇ ਅੰਮ੍ਰਿਤ ਨਾਲ ਆਪਣਾ ਮਨ ਤੇ ਤਨ, ਮਤਿ ਤੇ ਬੁਧਿ, ਕਰਮ ਤੋਂ ਅਮਲ ਅਕਾਲ ਰੂਪ ਵਰਗਾ ਸਿਰਜ ਲੈਂਦਾ ਹੈ। ਅਕਾਲ ਰੂਪ ਹੋਣ ਦਾ ਭਾਵ-ਆਦਰਸ਼ ਹੈ ਕਿ 'ਸਿੱਖ' ਸਮੇਂ ਦੀਆਂ ਬਦਲਦੀਆਂ ਕੀਮਤਾਂ ਤੋਂ ਮੁਕਤ ਹੋਵੇ ਤੇ ਆਪਣੇ ਆਦਰਸ਼ ਦੀ ਪ੍ਰਾਪਤੀ ਵਾਸਤੇ ਭੈ ਤੇ ਪ੍ਰਾਧੀਨਤਾ ਤੋਂ ਬਿਲਕੁੱਲ ਆਜ਼ਾਦ ਹੋਵੇ। ਖਾਲਸੇ ਨੂੰ ਬੁਰਾਈ ਦੀ ਹਰ ਕੀਮਤ ਤੋਂ ਮੁਕਤ ਰੱਖ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਨਿਰੋਲ ਤੇ ਸ਼ੁੱਧ ਰੂਪ ਵਿਚ ਆਪਣੇ ਵਰਗਾ ਸਾਜਿਆ ਹੈ। ਖਾਲਸਾ ਸਾਜਿਆ ਗਿਆ ਹੈ, ਥਾਪਿਆ ਗਿਆ ਨਹੀਂ। ਜਿਵੇਂ ਪ੍ਰਭੂ ਦਾ ਕੋਈ ਸਥਾਪਿਤ ਰੂਪ ਨਹੀਂ, ਇਸੇ ਤਰ੍ਹਾਂ ਖਾਲਸਾ ਵੀ ਸਮਾਂ ਸਥਾਨ ਦੀ ਸੀਮਾ ਵਿਚ ਸਥਾਪਿਤ ਨਹੀਂ ਜਿਥੇ ਜਿਥੇ ਵੀ ਖਾਲਸਾ ਹੈ, ਉਹ ਆਪਣਿਆਂ ਨੂੰ ਪ੍ਰਭੂ ਦੀ ਹੀ ਮੌਜ ਤੇ ਫੌਜ ਮੰਨਦਾ ਹੈ। ਪ੍ਰਭੂ ਫੌਜ ਦਾ ਉਹ ਅਧਿਆਤਮਿਕ ਰੂਪ ਸੰਗਤ ਹੈ।

ਸੰਗਤ ਤੇ ਖਾਲਸਾ ਵਿਚ ਭਾਵੇਂ ਅਧਿਆਤਮਿਕ ਪੱਖੋਂ ਕੋਈ ਅੰਤਰ ਨਹੀਂ, ਪਰ ਸੰਗਤ ਆਪਣੇ ਆਪ ਵਿਚ ਕਿਸੇ ਤਰ੍ਹਾਂ ਵੀ ਖਾਲਸਾ ਨਹੀਂ। ਜਦੋਂ ਭਾਈ ਗੁਰਦਾਸ ਸਿੰਘ ਜੀ ਆਖਦੇ ਹਨ ਕਿ ਸੰਗਤ ਕੀਨੀ ਖਾਲਸਾ ਤਾਂ ਇਸ ਦਾ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਨੇ ਸੰਗਤਾਂ ਨੂੰ ਹੀ ਖਾਲਸਾ ਆਖਿਆ ਹੈ। ਇਸ ਤੁੱਕ ਦਾ ਭਾਵ ਇਹ ਹੈ ਕਿ ਸੰਗਤ ਦੀ ਅਧਿਆਤਮਿਕ ਪ੍ਰੰਪਰਾ ਨੂੰ ਸਥਿਰ ਰੱਖਦਿਆਂ, ਦਸਮ ਪਾਤਿਸ਼ਾਹ ਨੇ ਅੰਮ੍ਰਿਤ ਪ੍ਰਦਾਨ ਕਰਕੇ ਜਿਥੇ ਸੰਗਤ ਨੂੰ ਇਕ ਨਿਆਰਾ, ਬਲਵਾਨ ਤੇ ਖਾਲਸਈ ਸਰੂਪ ਵਿਚ ਮੁਰਤੀਮਾਨ ਕੀਤਾ ਹੈ, ਉਥੇ ਖਾਲਸੇ ਦੇ ਸਮਾਜਕ ਤੇ ਰਾਜਸੀ ਆਦਰਸ਼ ਮਿਥ ਕੇ ਦਸਮ ਪਾਤਸ਼ਾਹ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਖਾਲਸਾ ਮੂਲ ਰੂਪ ਵਿਚ ਸੰਗਤ ਦਾ ਹੀ ਵੱਟਿਆ ਰੂਪ ਹੈ, ਪਰ ਖਾਲਸਾ ਆਪਣੇ ਸਰੂਪ ਤੇ ਆਦਰਸ਼ਾਂ ਨਾਲ ਬਿਲਕੁੱਲ ਮੌਲਿਕ, ਸੁਤੰਤਰ ਤੇ ਮਨੁੱਖ ਦੇ ਧਾਰਮਿਕ, ਸਮਾਜਕ ਤੇ ਰਾਜਸੀ ਹਿਤਾਂ ਤੇ ਅਧਿਕਾਰਾਂ ਦੀ ਰਾਖੀ ਲਈ ਜੂਝ ਮਰਨ ਦੀ ਬਿਰਤੀ ਵੀ ਅਪਨਾਂਦਾ ਹੈ। ਸਰਦਾਰ ਕਪੂਰ ਸਿੰਘ ਜੀ ਨੇ ਆਪਣੇ ਇੱਕ ਲੇਖ ਅੰਦਰ ਗੁਰੂ ਗੋਬਿੰਦ ਸਿੰਘ ਵਿਚ ਸੰਗਤ ਤੇ ਖਾਲਸੇ ਦੇ ਸਬੰਧਾਂ ਨੂੰ ਬੜੀ ਖੂਬਸੂਰਤੀ ਨਾਲ ਨਿਖੇੜਦਿਆਂ ਲਿਖਿਆ ਹੈ ਕਿ ਆਮ ਵਿਸ਼ਵਾਸ਼ ਹੈ, ਕਿ ਸਿੱਖ ਸੰਗਤ ਨੂੰ ਨਵਾਂ ਰੂਪ ਦੇ ਕੇ ਸੰਗਤ-ਸਥਾਨੀ ਖਾਲਸਾ ਬਣਾਇਆ। 'ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ' ਪਰ ਖਾਲਸਾ ਅਤੇ ਸਿੱਖ ਸੰਗਤਾਂ ਇਕੋ ਅਰਥਾਂ ਵਾਲੇ ਦੋ ਸ਼ਬਦ ਨਹੀਂ। ਸੰਗਤ ਤਾਂ ਸਿੱਖਾਂ ਦੀ ਹੈ, ਉਨ੍ਹਾਂ ਧਰਮ-ਅਭਿਲਾਖੀਆਂ ਦਾ ਸਮਾਜ ਜੋ ਗੁਰੂ ਦੇ ਉਪਦੇਸ਼ਾਂ ਨੂੰ ਕਬੂਲਦੇ ਅਤੇ ਅਪਣਾਉਂਦੇ ਹਨ, ਤੇ ਇਉਂ ਉਹਨਾਂ ਦਾ ਰਿਸ਼ਤਾ ਗੁਰੂ ਨਾਲ ਸ਼ਰਧਾ ਤੇ ਨਿਸ਼ਚੇ ਦਾ ਹੈ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮ ਧਿਆਵੈ। ਅੰਗ - ੩੦੫***

***ਮਨੁ ਬੇਚੈ ਸਤਿਗੁਰ ਕੈ ਪਾਸਿ॥***
***ਤਿਸੁ ਸੇਵਕ ਕੇ ਕਾਰਜ ਰਾਸਿ।***

ਪਰ ਖਾਲਸਾਦੀ ਪਦਵੀ ਸਿੱਖ ਦੀ ਪਦਵੀ ਨਾਲੋਂ ਭਿੰਨ ਤੇ ਉੱਚਤਰ ਹੈ।

***ਖਾਲਸਾ ਮੇਰੋ ਰੂਪ ਹੈ ਖਾਸ।***

***(ਬਾਕੀ ਪੰਨਾ 35 'ਤੇ)***

# ਸਦਾ ਅੰਗ ਸੰਗੇ

*[ਭਾਈ ਜਸਵੀਰ ਸਿੰਘ ਜੀ ਖਾਲਸਾ]*

ਦੋ ਅਖਰ ਹਨ, ਇਕ ਹੈ ਅੰਗ ਤੇ ਦੂਜਾ ਹੈ ਸੰਗ। ਇਨ੍ਹਾਂ ਦੋਹਾਂ ਅਖਰਾਂ ਨੂੰ ਜੇ ਜਰਾ ਡੂੰਘੀ ਵੀਚਾਰ ਨਾਲ ਵੀਚਾਰੀਏ ਤਾਂ ਇਨ੍ਹਾਂ ਵਿਚ ਮਿਲਾਪ ਦਾ ਇੱਕ ਅਦਭੁੱਤ ਤੇ ਕਮਾਲ ਦਾ ਭੇਦ ਪ੍ਰਗਟ ਹੋ ਜਾਵੇਗਾ।

ਪਰਮਾਤਮਾ ਦੇ ਗੁਣ ਗਾ-ਗਾ ਕੇ, ਵਡਿਆਈਆਂ ਕਰ ਕਰ ਕੇ ਸਿਫਤ ਸਾਲਾਹ ਕਰ ਕਰ ਕੇ, ਜੀਵ ਪਰਮਾਤਮਾ ਨੂੰ ਰੀਝਾਅ, ਉਸ ਵਿੱਚ ਸਮਾਈ ਕਰ ਸਕਦਾ ਹੈ। ਗੁਣ ਗਾਉਣ ਵਾਲੇ, ਵਡਿਆਈਆਂ ਕਰਨ ਵਾਲੇ ਇਹ ਗੱਲ ਜਾਣਦੇ ਹਨ ਕਿ ਉਹ ਪਰਮੇਸ਼ਰ ਦੇ ਅੰਗ ਹਨ। ਜਦੋਂ ਸਿਫਤ ਸਾਲਾਹ ਕਰਨ ਵਾਲੇ ਨੂੰ ਇਹ ਅਨੁਮਾਨ ਹੋ ਜਾਏ ਕਿ ਜਿਸਦੀ ਮੈਂ ਸਿਫਤ ਸਾਲਾਹ ਕਰ ਰਿਹਾ ਹਾਂ, ਮੈਂ ਉਸ ਦਾ ਅੰਗ ਹਾਂ ਤਾਂ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਜਿਸ ਦਾ ਮੈਂ ਅੰਗ ਹਾਂ ਉਹ ਮੇਰੇ ਸੰਗ ਹੈ। ਜਿਸਦੇ ਅੰਗ ਹੋਈਏ, ਫਿਰ ਉਹ ਸੰਗ ਹੁੰਦਾ ਹੈ। ਅੰਗ ਹੋਣਾ ਹੀ ਸੰਗ ਹੋਣ ਦਾ ਸੰਕੇਤ ਹੈ।

ਜੋ ਮੇਰੇ ਸੰਗ ਹੈ, ਉਸ ਨੂੰ ਲੱਭਣ ਕਿੱਥੇ ਜਾਵਾਂ? ਲੱਭੀਦਾ ਤਾਂ ਉਸ ਨੂੰ ਹੈ, ਜੋ ਆਪਣੇ ਤੋਂ ਵੱਖ ਹੋਵੇ, ਜੋ ਦੂਰ ਹੋਵੇ, ਜੁਦਾ ਹੋਵੇ, ਉਸਨੂੰ ਲੱਭਣ ਦੀ ਲੋੜ ਹੁੰਦੀ ਹੈ।

ਹੱਥ ਸਰੀਰ ਦਾ ਅੰਗ ਹੈ। ਜੇ ਹੱਥ ਸਰੀਰ ਦਾ ਅੰਗ ਹੈ ਜਾਂ ਇਹ ਵੀ ਸੱਚ ਹੈ ਕਿ ਸਰੀਰ ਇਸਦੇ ਸੰਗ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਹੱਥ ਸਰੀਰ ਦਾ ਅੰਗ ਹੋਵੇ ਪਰ ਸਰੀਰ ਇਸਦੇ ਸੰਗ ਨਾ ਹੋਵੇ। ਕੀ ਹੱਥ ਸਰੀਰ ਨੂੰ ਜੰਗਲਾਂ ਚੋਂ ਲੱਭਣ ਜਾਵੇਗਾ ਜਾਂ ਕਿਸੇ ਗੁਫਾ ਜਾਂ ਪਹਾੜਾਂ ਦੀਆਂ ਟੀਸੀਆਂ ਤੋਂ ਲੱਭੇਗਾ ਕਿ ਨਹੀਂ। ਹੱਥ ਦਾ ਇਹ ਅਨੁਭਵ ਹੈ ਕਿ ਮੈਂ ਸਰੀਰ ਦਾ ਅੰਗ ਹਾਂ ਤੇ ਉਹ ਸ਼ਰੀਰ ਮੇਰੇ ਸੰਗ ਹੈ ਜਿਸਦੇ ਅੰਗ ਹੋਈਏ ਉਸਨੂੰ ਲੱਭੀਦਾ ਨਹੀਂ। ਉਸਦੇ ਅੰਗ ਹੋਣ ਦਾ ਅਨੁਭਵ ਹੀ ਉਸਦੇ ਸੰਗ ਹੋਣ ਨੂੰ ਪ੍ਰਗਟ ਕਰ ਦੇਂਦਾ ਹੈ ਤੇ ਇਸ ਅਨੁਭਵਤਾ ਕਾਰਨ ਹੀ ਸਮਾਈ ਹੋ ਜਾਂਦੀ ਹੈ।

ਗੁਣ ਇਸ ਲਈ ਗਾਏ ਜਾਂਦੇ ਹਨ, ਸਿਫਤ ਸਾਲਾਹ ਇਸ ਲਈ ਕੀਤੀ ਜਾਂਦੀ ਹੈ ਕਿ ਇਹ ਅਨੁਭਵ ਬਣਿਆ ਰਹੇ ਕਿ ਜਿਸਦੀ ਮੈਂ ਸਿਫਤ ਸਾਲਾਹ ਕਰ ਰਿਹਾ ਹਾਂ ਉਹ ਮੇਰੇ ਸੰਗ ਹੈ, ਕਿਧਰੇ ਮੈਂ ਵਿਸਰ ਨਾ ਜਾਵਾਂ ਤੇ ਜਿਉਂ ਜਿਉਂ ਇਹ ਗੁਣ ਗਾਈ ਜਾਂਦਾ ਹੈ, ਇਸਨੂੰ ਆਪਣੇ ਮੂਲ ਜੋ ਪਰਮਾਤਮਾ ਹੈ, ਦੀ ਪਹਿਚਾਣ ਹੋਣ ਲੱਗ ਜਾਂਦੀ ਹੈ। ਸੱਚ ਆਖਾਂ, ਕੇਵਲ ਅਨੁਭਵ ਤੇ ਪਹਿਚਾਣ ਹੀ ਨਹੀਂ ਹੁੰਦੀ ਸਗੋਂ ਉਸ ਵਿੱਚ ਸਮਾਈ ਹੋ ਜਾਂਦੀ ਹੈ। ਗੁਰਦੇਵ ਜੀ ਦੇ ਬਚਨ ਹਨ -

*ਮਨ ਤੂੰ ਜੋਤਿ ਸਰੂਪ ਹੈ*
*ਆਪਣਾ ਮੂਲੁ ਪਛਾਣੁ॥* *ਅੰਗ - ੪੪੧*

ਜਿਉਂ ਜਿਉਂ ਇਸਨੂੰ ਆਪਣੇ ਮੂਲ ਦੀ ਪਹਿਚਾਣ ਹੋਣ ਲੱਗ ਪਵੇ ਤਿਉਂ ਤਿਉਂ ਇਸਦੇ ਅੰਦਰ 'ਜੋਤ ਸਰੂਪ' ਦਾ ਅਨੁਭਵ ਪ੍ਰਗਟ ਹੋਣ ਲੱਗ ਜਾਂਦਾ ਹੈ ਤੇ ਵੱਧਦੀ ਅਨੁਭਵਤਾ 'ਜੋਤ ਸਰੂਪ' ਹੋਣ ਦੀ ਦ੍ਰਿੜਤਾ ਤੇ ਵਿਸ਼ਵਾਸ਼ ਪ੍ਰਪੱਕ ਕਰ ਦੇਂਦੀ ਹੈ।

ਇਕ ਗੱਲ ਹੋਰ, ਇਹ ਆਪੇ ਦੀ ਪਹਿਚਾਣ ਤੇ ਇਸ ਦੀ ਅਨੁਭਵਤਾ ਗੁਰਪ੍ਰਸਾਦਿ ਵਰਤੇ ਜਾਣ ਤੇ ਹੀ ਪ੍ਰਾਪਤ ਹੋ ਸਕਦੀ ਹੈ। ਪ੍ਰਭੂ ਪ੍ਰਸੰਨਤਾ ਦੀ ਇਹ ਦਾਤ, ਇਸ ਦੇ ਅੰਦਰ ਲੁਕਿਆ ਸਦੀਵੀ ਅਨੰਦ, ਇਹ ਨਿਹਚਲ ਸੁੱਖ ਕੇਵਲ ਪ੍ਰਭੂ ਦੀ ਸਿਫਤ ਸਾਲਾਹ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਜਿਸ ਦੀ ਜੀਵ ਵਡਿਆਈ ਕਰ ਰਿਹਾ ਹੈ, ਉਸ ਦੀ ਸਿਫਤ ਸਾਲਾਹ ਕਰੀ ਜਾਏ, ਉਸਦਾ ਅੰਤ ਪਾਉਣਾ ਨਾ ਲੋਚੇ ਤਾਂ ਗੁਰਦੇਵ ਇਸਨੂੰ ਆਪਣੇ ਵਿੱਚ ਸਮਾਂ ਲੈਂਦੇ ਹਨ ਤੇ ਨਿਹਚਲ

ਸੁੱਖ ਨੂੰ ਜੀਵ ਪ੍ਰਾਪਤ ਹੋ ਜਾਂਦਾ ਹੈ। ਸਤਿਗੁਰੂ ਕਹਿੰਦੇ ਹਨ –

*ਧਿਆਇ ਧਿਆਇ ਭਗਤਹ ਸੁਖੁ ਪਾਇਆ।*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥*
*ਅੰਗ – ੨੮੪*

ਜਿਸਦੇ ਵਿੱਚ ਕੋਈ ਸਮਾ ਜਾਏ ਉਸਦਾ ਅੰਤ ਉਹ ਪ੍ਰਾਣੀ ਕਿਵੇਂ ਪਾ ਸਕਦਾ ਹੈ? ਉਥੇ ਤਾਂ ਉਸ ਪ੍ਰਾਣੀ ਦੀ ਹੋਂਦ ਹੀ ਮਿਟ ਜਾਂਦੀ ਹੈ, ਉਹ ਹੁੰਦਾ ਹੀ ਨਹੀਂ ਤੇ ਅੰਤ ਕੌਣ ਪਾਏ।

ਅਸੀਂ ਕਈ ਵਾਰ ਇਨ੍ਹਾਂ ਦੋਹਾਂ ਅੱਖਰਾਂ ਦਾ ਸੁਮੇਲ ਕਰ ਕੇ ਕਹਿ ਦਿੰਦੇ ਹਾਂ ਕਿ ਉਹ ਮੇਰੇ 'ਅੰਗ ਸੰਗ' ਹੈ, ਇਨ੍ਹਾਂ ਦੋਹਾਂ ਅੱਖਰਾਂ ਵਿੱਚ ਇੱਕ ਬੜਾ ਹੀ ਪਿਆਰਾ ਜੋੜ ਹੈ, ਮਿਲਾਪ ਹੈ। ਇਸ ਦੀ ਅਨੁਭਵਤਾ ਬੜੀ ਸੁਖਦਾਈ ਹੈ। ਇਥੇ ਦੂਰੀ ਨਹੀਂ ਹੁੰਦੀ। ਅਸਲ ਵਿੱਚ ਦੂਰੀ ਤਾਂ ਵਿਛੋੜਾ ਹੈ ਤੇ ਵਿਛੋੜੇ ਵਿੱਚ ਦੁੱਖ ਹੁੰਦਾ ਹੈ।

ਵੇਖਿਆ ਜੇ? ਹੱਥ ਸਰੀਰ ਦਾ ਅੰਗ ਹਨ। ਇਹ ਸੰਗੀ ਸਰੀਰ ਦੀ ਸੇਵਾ ਵੀ ਕਰਦੇ ਹਨ। ਜ਼ਰਾ ਮੱਥੇ ਪੀੜਾ ਹੋਵੇ ਹੱਥ ਘੁੱਟਣ ਲੱਗ ਜਾਂਦੇ ਹਨ। ਜੇ ਹੱਥ ਸਰੀਰ ਨੂੰ ਹੋਂਦ ਸਮਝ ਕੇ ਅਨੁਭਵ ਕਰੀ ਬੈਠੇ ਹਨ ਕਿ ਅਸੀਂ ਇਸਦੇ ਅੰਗ ਹਾਂ ਤਾਂ ਜੀਵਨ ਵਿੱਚ ਹੱਥਾਂ ਅਤੇ ਸਰੀਰ ਦਾ ਮੇਲ ਬਣਿਆ ਰਹੇਗਾ। ਸਮੇਂ ਸਮੇਂ ਸਰੀਰ ਦਾ ਬਲ ਵੀ ਹੱਥ ਨੂੰ ਮਿਲਦਾ ਰਹੇਗਾ ਤੇ ਇਸੇ ਸਾਂਝ ਸਦਕਾ ਹੱਥ ਦੀ ਹੋਂਦ ਸਰੀਰ ਲਈ ਤੇ ਸਰੀਰ ਦੀ ਹੋਂਦ ਹੱਥ ਲਈ ਬਣੀ ਰਹੇਗੀ। ਐਨ ਇਸੇ ਪ੍ਰਕਾਰ ਜੇ ਮੇਰੇ ਅੰਦਰ ਇਹ ਅਨੁਭਵ ਬਣਿਆ ਰਹੇ ਕਿ ਮੈਂ ਪਰਮਾਤਮਾ ਦਾ ਅੰਗ ਹਾਂ ਤਾਂ ਨਿਸ਼ਚਿਤ ਤੌਰ ਤੇ ਪਰਮਾਤਮਾ ਮੇਰੇ ਸੰਗ ਹੈ।

ਜਿਵੇਂ ਜਿਵੇਂ ਜੀਵ ਦੇ ਅੰਦਰ ਆਪਣੇ ਪ੍ਰਭੂ ਦੇ ਅੰਗ ਹੋਣ ਦੀ ਅਨੁਭਵਤਾ ਵਧਦੀ ਜਾਂਦੀ ਹੈ, ਤਿਵੇਂ ਤਿਵੇਂ ਪ੍ਰਭੂ ਦੀ ਮਿੱਠੀ ਯਾਦ ਦੁਆਰਾ, ਸਿਫਤ ਸਾਲਾਹ ਦੁਆਰਾ, ਗੁਣ ਗਾ ਗਾ ਕੇ, ਇਸ ਦੇ ਅੰਦਰ ਉਸ ਪਰਮਾਤਮਾ ਦਾ ਅਦੁੱਤੀ ਬਲ ਪ੍ਰਗਟ ਹੋਣ ਲੱਗ ਜਾਂਦਾ ਹੈ, ਇਹ ਤਿਉਂ ਤਿਉਂ ਆਤਮਕ ਹੁਲਾਰਿਆਂ ਦੀ ਬਖਸ਼ਿਸ਼ ਦਾ ਆਨੰਦ ਮਾਣਨ ਲੱਗ ਜਾਂਦਾ ਹੈ, ਆਤਮਕ ਬਲ ਨੂੰ ਪ੍ਰਾਪਤ ਹੋ ਜਾਂਦਾ ਹੈ, ਆਤਮਕ ਮੌਤ ਤੋਂ ਬੱਚ ਜਾਂਦਾ ਹੈ। ਹੁਣ ਮਾਇਆ ਕਿਸੇ ਰੂਪ ਵਿੱਚ ਵੀ ਇਸਨੂੰ ਭਰਮਾ ਨਹੀਂ ਸਕਦੀ, ਇਹ ਤਾਂ ਹੁਣ ਦਾਸੀ ਬਣ ਕੇ ਸੇਵਾ ਕਰਦੀ। ਇਹ ਵਿਸਮਾਦ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਬਸ 'ਉਹੀ' 'ਉਹੀ' ਹੁੰਦਾ ਰਹਿੰਦਾ ਹੈ ਤੇ ਉਸ ਤੋਂ ਵੱਖਰੀ ਕੋਈ ਹੋਰ ਪਹਿਚਾਨ ਨਹੀਂ ਮੰਨਦਾ। ਇਹ ਅੰਗ (ਆਤਮਾ) ਉਸ (ਪਰਮੇਸ਼ਵਰ) ਦੇ ਸੰਗ ਜੁੜੀ ਰਹਿੰਦੀ ਹੈ। ਹੁਣ ਤਾਂ ਐਸੀ ਅਵਸਥਾ ਹੁੰਦੀ ਹੈ ਕਿ ਜੇ ਮੈਂ ਬੋਲ ਰਿਹਾ ਹਾਂ ਤਾਂ ਉਸਦੇ ਸੰਗ ਦੇ ਬਰਕਤ ਕਰ ਕੇ ਹੀ। ਕੇਵਲ ਹੁਣ ਹੀ ਕਿਉਂ। ਮਾਤਾ ਦੇ ਗਰਭ ਵਿੱਚ ਭੀ ਬਣੀ ਹੋਂਦ ਉਸ ਪਰਮਾਤਮਾ ਦੇ ਸੰਗ ਕਰਕੇ ਹੀ ਸੀ।

*ਮਾਤ ਗਰਭ ਮਹਿ ਆਪਨ ਸਿਮਰਨੁ ਦੇ*
*ਤਹ ਤੁਮ ਰਾਖਨਹਾਰੇ॥ ਅੰਗ – ੬੧੩*

ਕੇਵਲ ਮਾਤਾ ਦੇ ਗਰਭ ਵਿਚ ਹੀ ਉਸ ਰੱਖਣਹਾਰੇ ਦੇ ਸੰਗਿ ਕਰਕੇ ਤੇਰੀ ਰੱਖਿਆ ਨਹੀਂ ਹੋਈ ਸਗੋਂ ਹੁਣ ਵੀ ਤੇਰੀ ਹੋਂਦ ਉਸ ਦੇ ਸੰਗ ਹੋਣ ਦਾ ਹੀ ਸਿੱਟਾ ਹੈ।

ਪਰ ਭੁਲੇਖੇ ਤੇ ਭਰਮਾਂ ਮਾਰਿਆ ਮਨੁੱਖ ਅੰਗ ਹੋਣ ਦੇ ਬਾਵਜੂਦ ਵੀ, ਜੋ ਸੰਗਿ ਹੈ ਉਸਦੀ ਅਨੁਭਵਤਾ ਨੂੰ ਭੁਲਾ ਕੇ ਪਰਮਾਤਮਾ ਨੂੰ ਜੋ ਅੰਗ ਸੰਗ ਸੀ ਉਸਨੂੰ ਲੱਭਣ ਲਈ ਦੂਰ, ਬਾਹਰ ਬਹੁਤ ਦੂਰ ਚਲਾ ਗਿਆ, ਭਟਕ ਗਿਆ ਤੇ ਇਸੇ ਭਟਕਣਾ ਵਿੱਚ ਉਸਨੇ ਜੀਵਨ ਤਾਂ ਗੁਜਾਰ ਲਿਆ ਪਰ ਆਪਣੇ ਆਪ ਨੂੰ ਉਸ ਪਰਮੇਸ਼ਵਰ ਦੇ ਸੰਗ ਹੋਣ ਦਾ ਅਨੁਭਵ ਪ੍ਰਾਪਤ ਨਾ ਕਰ ਸਕਿਆ।

ਇਕ ਗੱਲ ਹੋਰ, ਜਿਸਦਾ ਮੈਂ ਅੰਗ ਹਾਂ, ਉਸ ਦਾ ਸੁਭਾਉ ਤੇ ਮੇਰਾ ਸੁਭਾਉ ਵੀ ਇਕੋ ਹੋਵੇਗਾ। ਜਿਸ ਪਰਮਾਤਮਾ ਦਾ ਮੈਂ ਅੰਸ਼ ਹਾਂ ਤਾਂ ਮੇਰਾ ਸੁਭਾਉ ਪਰਮਾਤਮਾ ਦੇ ਸੁਭਾਉ ਤੋਂ ਵੱਖ ਕਿਵੇਂ ਹੋ ਸਕਦਾ ਹੈ? ਜਿਸ ਸਰੀਰ ਦਾ ਮੈਂ ਅੰਗ ਹਾਂ ਕੀ ਉਸਦਾ ਸੁਭਾਉਂ ਤੇ ਮੇਰਾ ਸੁਭਾਉ ਵੱਖ ਵੱਖ ਹੋਵੇਗਾ ਪਰਮਾਤਮਾ ਦਾ ਧਰਮ ਪਰਮਾਤਮਾ ਦਾ ਸੁਭਾਉ ਹੈ ਤੇ ਪਰਮਾਤਮਾ ਦਾ ਸੁਭਾਉ ਹੀ ਪਰਮਾਤਮਾ ਦਾ ਧਰਮ। ਜਿਨ੍ਹਾਂ ਨੇ ਪਰਮਾਤਮਾ ਨੂੰ ਸੰਗਿ ਸਮਝਿਆ ਹੈ, ਉਨ੍ਹਾਂ ਦਾ ਸੁਭਾਉ ਪਰਮਾਤਮਾ ਤੋਂ ਅਲੱਗ ਕਿਵੇਂ ਹੋ ਸਕਦਾ ਹੈ? ਪ੍ਰਭੂ ਦਇਆਲੂ ਹਨ, ਦਇਆਵਾਨ ਹਨ। ਜਿਹੜੇ ਉਸ ਦੀ ਅੰਸ਼ ਹਨ, ਜਿਨ੍ਹਾਂ ਨੇ ਇਸ ਰਿਸ਼ਤੇ ਦਾ ਅਨੁਭਵ ਕੀਤਾ ਹੋਇਆ ਹੈ, ਨਿਰਸੰਦੇਹ ਉਹ ਵੀ ਦਇਆਵਾਨ, ਦੁਖੀਆਂ ਦੀ ਸਹਾਇਤਾ ਕਰਨ ਵਾਲੇ ਹੋਣਗੇ। ਪਰਮਾਤਮਾ ਦਾ ਸੁਭਾਉ ਨਿਰਵੈਰ ਸਰੂਪ ਹੈ ਤਾਂ ਧਰਮੀਆਂ ਦਾ ਸੁਭਾਉ ਇਸਦੇ ਵਿਪਰੀਤ ਨਹੀਂ ਹੋ ਸਕਦਾ। ਤਾਂ ਤੇ ਪ੍ਰਮਾਤਮਾ ਦੀ ਮੌਜ ਵਿੱਚ ਸੱਜੇ (ਪ੍ਰਗਟੇ) ਖਾਲਸੇ ਦਾ ਸੁਭਾਉ ਵੀ ਪਰਮਾਤਮਾ ਤੋਂ ਅਲੱਗ ਕਿਵੇਂ ਹੋਵੇਗਾ? ਪਰਮਾਤਮਾ ਤੇ ਪਰਮਾਤਮ ਦੀ ਮੌਜ, ਇੱਕ ਹੀ ਹੋਵੇਗੀ। ਹੋਵੇ ਖਾਲਸਾ, ਪਰਮਾਤਮ ਦਾ ਅੰਗ, ਜਿਸ ਨੂੰ ਪਰਮਾਤਮਾ ਦੇ ਸੰਗ ਦੀ ਅਨੁਭਵਤਾ ਵੀ

ਹੋਵੇ ਤੇ ਇਸ ਅਨੁਭਵਤਾ ਵਿੱਚ ਪਰਮਾਤਮਾ ਵਿੱਚ ਸਮਾਈ ਵੀ, ਪਰ ਫਿਰ ਵੀ ਉਸਦਾ ਸੁਭਾਅ ਵੱਖਰਾ ਹੋਵੇ, ਕੀ ਕਹੀਏ। ਇਹ ਗੱਲ ਸ਼ਾਇਦ ਕੁੱਝ ਗਿਆਨੀਆਂ ਦੀ ਦਲੀਲ ਤੇ ਠੀਕ ਨਾ ਉਤਰੇ 'ਪੜਣਾ ਗੁੜਣਾ ਸੰਸਾਰ ਕੀ ਕਾਰ ਹੈ' (ਅੰਗ - ੬੫੦) ਪੜ੍ਹਨਾ ਚੰਗਾ ਹੈ। ਵਿਦਿਆ ਚੰਗਾ ਗੁਣ ਹੈ ਪਰ ਜਿਸ ਵਿਦਿਆ ਤੇ ਗਿਆਨ ਵਿੱਚ ਧਰਮ ਦੀ ਕਲਾ ਵਰਤ ਜਾਏ, ਉਹ ਵਿਦਿਆ ਤਾਂ ਪਰਉਪਕਾਰੀ ਹੋਵੇਗੀ।

ਕਈ ਰੱਬ ਦੀ ਹੋਂਦ ਦੀ ਗੱਲ ਕਰਦੇ ਨੇ। ਜਿਨ੍ਹਾਂ ਨੇ ਐਸਾ ਅਨੁਭਵ ਕਰ ਲਿਆ ਹੈ ਕਿ ਉਹ ਪਰਮਾਤਮਾ ਦੀ ਅੰਸ਼, ਪਰਮਾਤਮਾ ਦਾ ਅੰਗ ਹਨ ਉਨ੍ਹਾਂ ਨੂੰ ਕੋਈ ਭੁਲੇਖਾ ਤੇ ਭਰਮ ਨਹੀਂ। ਭਰਮ ਤਾਂ ਕੇਵਲ ਉਨ੍ਹਾਂ ਨੂੰ ਹੈ ਜਿਹੜੇ ਅੰਗ ਹੁੰਦਿਆਂ ਹੋਇਆਂ ਵੀ ਸੰਗ ਮੰਨਣ ਨੂੰ ਤਿਆਰ ਨਹੀਂ ਹਨ। ਜਿਨ੍ਹਾਂ ਨੂੰ ਸੰਗ ਦੀ ਪਹਿਚਾਣ ਨਹੀਂ, ਅਨੁਭਵਤਾ ਨਹੀਂ, ਉਹ ਰੱਬ ਦੀ ਹੋਂਦ ਦਾ ਸਬੂਤ ਮੰਗਦੇ ਹਨ। ਪਿਆਰਿਓ! ਅਸੀਂ ਸਭ ਜੀਵ ਜੰਤ, ਧਰਤੀ, ਆਕਾਸ਼ ਰੱਬ ਦਾ ਸਬੂਤ ਹੀ ਤਾਂ ਹਾਂ। ਇਸ ਤੋਂ ਵੱਡਾ ਕੋਈ ਹੋਰ ਸਬੂਤ ਵੀ ਚਾਹੀਦਾ ਹੈ? ਸਾਡੀ ਸਭ ਦੀ ਹੋਂਦ ਹੀ ਰੱਬ ਦੀ ਹੋਂਦ ਦਾ ਸਬੂਤ ਹੈ। ਜੇ ਉਹ ਨਾ ਹੁੰਦਾ ਜਿਸਦੇ ਅਸੀਂ ਅੱਗ ਹਾਂ ਤਾਂ ਸਾਡਾ ਵਜੂਦ ਨਹੀਂ ਸੀ ਹੋਣਾ। ਅੰਗ ਦਾ ਹੋਣਾ ਹੀ ਇਸ ਗੱਲ ਦੀ ਪੁਸ਼ਟੀ ਹੈ ਕਿ ਮੈਂ ਕਿਸੇ ਹੋਂਦ ਦਾ ਅੱਗ ਹਾਂ। ਭਗਤ ਨਾਮਦੇਵ ਜੀ ਕਹਿੰਦੇ ਹਨ -

*ਪਹਿਲ ਪੁਰਸਾਬਿਰਾ। ਅਥੋਨ ਪੁਰਸਾਦਮਰਾ॥*
*ਅੰਗ - ੬੯੩*

ਪਹਿਲੇ ਪੁਰਸ਼ ਆਪ ਪਰਮਾਤਮਾ ਹੋਏ ਤੇ ਉਸ ਤੋਂ ਪਿਛੋਂ ਉਨ੍ਹਾਂ ਨੇ ਮਾਇਆ ਰਚੀ ਜਾਂ ਮਾਇਆ ਦੀ ਰਚਨਾ ਉਸ ਤੋਂ ਬਾਅਦ ਹੋਈ। ਦੋਹਾਂ ਦੇ ਮੇਲ ਤੋਂ ਸੰਸਾਰ ਪ੍ਰਗਟ ਹੋ ਗਿਆ ਤੇ ਸੰਸਾਰ ਦਾ ਰਚਣਾ ਖੂਹ ਦੀਆਂ ਟਿੰਡਾਂ ਦੀ ਨਿਆਈਂ ਹੋ ਗਿਆ। ਜਿਵੇਂ ਖੂਹ ਦੀਆਂ ਟਿੰਡਾਂ ਕੋਈ ਭਰ ਰਹੀ ਹੈ, ਕੋਈ ਖਾਲੀ ਹੋ ਰਹੀ ਹੈ ਤੇ ਕੋਈ ਫਿਰ ਭਰਨ ਜਾ ਰਹੀ ਹੈ। ਇਸ ਤਰ੍ਹਾਂ ਹੀ ਇਥੇ ਕੋਈ ਜਨਮ ਲੈ ਰਿਹਾ ਹੈ, ਕੋਈ ਜੀਅ ਰਿਹਾ ਹੈ ਤੇ ਕੋਈ ਮਰ ਰਿਹਾ ਹੈ। ਪਰਮਾਤਮਾ ਦੀ ਹੋਂਦ ਜਾਨਣ ਲਈ ਉਸਦੀ ਰਚਨਾ ਨੂੰ ਪਹਿਚਾਨਣਾ ਹੋਵੇਗਾ। ਜੀਵਨ ਨੂੰ ਸਮਝਣ ਲਈ ਮੌਤ ਦੀ ਪਹਿਚਾਣ ਕਰਨੀ ਹੋਵੇਗੀ। ਜੀਵਨ ਦੀ ਸਮਝ ਆਪੇ ਹੀ ਆ ਜਾਵੇਗੀ ਤੇ ਜੇ ਮੈਂ ਇਹ ਵੀ ਕਹਿ ਦਿਆਂ ਕਿ ਸਤਿਗੁਰੂ! ਤੇਰੇ ਸਿੱਖ ਦੀ ਕੋਈ ਪਹਿਚਾਨ ਕਰ ਲਵੇ, ਤੇਰੇ ਦੀਦਾਰ ਹੋ ਸਕਦੇ ਹਨ। ਖਾਲਸੇ ਦੀ ਪਹਿਚਾਨ ਹੀ ਗੁਰੂ ਦੀ ਪਹਿਚਾਨ ਹੋ ਜਾਵੇਗੀ।

ਗੁਰਸਿੱਖਾਂ ਦੀ ਪਹਿਚਾਨ ਬੜੀ ਔਖੀ ਹੈ। ਗੁਰਸਿੱਖਾਂ ਦੀ ਪਹਿਚਾਨ ਹੋਣ ਨਾਲ ਸਤਿਗੁਰੂ ਜੀ ਦੀ ਪਹਿਚਾਨ ਹੋ ਜਾਵੇਗੀ। ਇਹ ਗੱਲ ਸੰਸਾਰਕ ਵਿਦਿਆ ਦੇ ਧਾਰਨੀ ਦੀ ਸਮਝ ਵਿੱਚ ਨਹੀਂ ਉਤਰੇਗੀ। ਉਹ ਇਸਨੂੰ ਅੰਦਰੋਂ ਮੰਨਣ ਲਈ ਤਿਆਰ ਨਹੀਂ। ਗੁਰਸਿੱਖਾਂ ਦੀ ਪਹਿਚਾਨ ਵਿੱਚ ਗੁਰੂ ਦੀ ਪਹਿਚਾਨ ਕਿਵੇਂ ਹੈ, ਇਸ ਸੁਆਲ ਦਾ ਉੱਤਰ ਸਤਿਗੁਰੂ ਆਪ ਦਿੰਦੇ ਹਨ -

*ਖਾਲਸਾ ਮੇਰੋ ਰੂਪ ਹੈ ਖਾਸ*
*ਖਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ)*

ਸਤਿਗੁਰੂ ਕਹਿੰਦੇ ਹਨ, ਮੇਰਾ ਵਾਸਾ ਖਾਲਸੇ ਵਿੱਚ ਹੈ। ਖਾਲਸੇ ਵਿੱਚ, ਗੁਰਸਿੱਖ ਵਿੱਚ ਅਭੇਦਤਾ ਦਾ ਇਹ ਗੁਣ ਕਿਵੇਂ ਆਇਆ? ਇਨ੍ਹਾਂ ਦੀ ਪਹਿਚਾਨ ਦਾ ਧੁਰਾ ਕੀ ਹੈ? ਗੁਰਦੇਵ ਜੀ ਕਹਿੰਦੇ ਹਨ -

*ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ। ਅੰਗ - ੩੧੭*

ਜਿਥੇ ਗੁਰੂ ਦਾ ਸ਼ਬਦ ਵਰਤ ਗਿਆ, ਉਥੇ ਗੁਰੂ ਦੀ ਸੋਚ ਵਰਤ ਗਈ। ਗੁਰੂ ਦੀ ਪਹਿਚਾਨ ਗੁਰ ਸ਼ਬਦ ਹੈ ਤੇ ਗੁਰਸ਼ਬਦ ਦੀ ਸੋਚ, ਬ੍ਰਹਮ ਦੀ ਸੋਚ, ਇਹ ਬ੍ਰਹਮ ਵੀਚਾਰ ਹੈ। ਇਹ ਰੱਬ ਦੀ ਆਪਣੀ ਸੋਚ, ਪਰਮਾਤਮਾ ਦੀ ਆਪਣੀ ਸੋਚ ਹੈ। ਜੇ ਇਹ ਠੀਕ ਹੈ ਤਾਂ ਇਹ ਵੀ ਗੱਲ ਪੱਕੀ ਹੈ ਕਿ ਰਚਨਹਾਰ ਨੂੰ ਸਮਝਣ ਲਈ ਉਸਦੀ ਰਚਨਾ ਦੀ ਪਹਿਚਾਣ ਕਰਨੀ ਪਵੇਗੀ। ਕਾਦਰ ਨੂੰ ਸਮਝਣ ਲਈ ਦੀ ਕੁਦਰਤ ਨੂੰ ਸਮਝਣਾ ਹੋਵੇਗਾ। ਕਰਤੇ ਨੂੰ ਸਮਝਣ ਲਈ ਕ੍ਰਿਤਮ ਨੂੰ ਸਮਝਣਾ ਹੋਵੇਗਾ। ਪ੍ਰਮਾਣ ਲਈ, ਤੁਸਾਂ ਆਟੋਮੈਟਿਕ ਘੜੀ ਤੱਕੀ ਹੈ? ਬੜੀ ਸੋਹਣੀ ਹੈ। ਇਹ ਅਸਾਂ ਨਹੀਂ ਬਣਾਈ ਤੇ ਇਹ ਆਪਣੇ ਆਪ ਵੀ ਨਹੀਂ ਬਣ ਗਈ। ਹਾਂ, ਕਿਸੇ ਨੇ ਘੜੀ ਬਣਾਈ ਜ਼ਰੂਰ ਹੈ। ਜੇ ਕੋਈ ਕਹੇ ਕਿ ਘੜੀ ਬਣਾਉਣ ਵਾਲਾ ਹੀ ਕੋਈ ਨਹੀਂ ਤਾਂ ਨਿਸਚੇ ਹੀ ਇਹ ਠੀਕ ਨਹੀਂ। ਇਸੇ ਤਰ੍ਹਾਂ ਬਿਲਡਿੰਗ ਵੇਖ ਕੇ ਬਿਲਡਿੰਗ ਬਣਾਉਣ ਵਾਲੇ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਜੇ ਮਕਾਨ ਬਣਿਆ ਵੇਖ ਕੇ ਮਕਾਨ ਦੇ ਬਣਾਉਣ ਵਾਲੇ ਤੋਂ ਮੁਨਕਰ ਨਹੀਂ ਹੋ ਸਕਦੇ, ਜੇ ਘੜੀ ਵੇਖ ਕੇ ਘੜੀ ਬਣਾਉਣ ਵਾਲੇ ਤੋਂ ਮੁਨਕਰ ਨਹੀਂ ਹੋ ਸਕਦੇ ਤਾਂ ਇਸ ਸੰਸਾਰ ਰਚਨਾ ਨੂੰ ਵੇਖ ਕੇ ਜੋ ਅਸੀਂ ਤਾਂ ਨਹੀਂ ਬਣਾਈ ਤੇ ਜੋ ਆਪਣੇ ਆਪ ਵੀ ਨਹੀਂ ਬਣੀ ਤਾਂ ਇਸਦੇ ਸਿਰਜਣਹਾਰ, ਇਸਦੇ ਕਰਤਾ ਦੀ ਹੋਂਦ ਤੋਂ ਇਨਕਾਰੀ ਨਹੀਂ ਹੋਇਆ ਜਾ

ਸਕਦਾ। ਇਸ ਤਰ੍ਹਾਂ ਇਹ ਸਪਸ਼ਟ ਹੋ ਗਿਆ ਕਿ ਪਹਿਲਾਂ ਬਣਾਉਣ ਵਾਲਾ ਆਇਆ। ਕਰਤਾ ਪਹਿਲਾਂ ਸੀ, ਫਿਰ ਇਹ ਸਭ ਕੁਝ ਬਾਅਦ ਵਿਚ ਬਣਿਆ।

ਸਕਿੰਟ, ਮਿੰਟ ਦੇ ਅਧੀਨ ਹਨ, ਮਿੰਟ, ਘੰਟਿਆਂ ਦੇ ਅਧੀਨ, ਘੰਟੇ ਪਹਿਰ ਦੇ ਅਧੀਨ, ਪਹਿਰ ਦਿਨ ਦੇ ਅਧੀਨ, ਦਿਨ ਹਫ਼ਤਿਆਂ ਦੇ ਅਧੀਨ, ਹਫ਼ਤੇ ਮਹੀਨਿਆਂ ਦੇ ਅਧੀਨ, ਮਹੀਨੇ ਸਾਲ ਦੇ ਅਧੀਨ! ਸਮਾਂ ਕਿਸੇ ਦੇ ਅਧੀਨ ਚੱਲਦਾ ਆ ਰਿਹਾ ਹੈ। ਸਾਰੇ ਸਮੇਂ ਖਤਮ ਹੋ ਜਾਣਗੇ, ਮੁੱਕ ਜਾਣਗੇ। ਇੱਕ ਸਮਾਂ ਐਸਾ ਹੋਵੇਗਾ ਜੋ ਉਸ ਸਮੇਂ ਦੇ ਅਧੀਨ ਹੈ ਜਿਸਨੂੰ ਸਤਿਗੁਰੂ ਜੀ ਨੇ ਕਾਲ ਕਹਿ ਦਿੱਤਾ। ਕਾਲ ਦਾ ਅਰਥ ਹੈ ਸਮਾਂ। ਕਈ ਵਾਰ ਸੋਚਦਾ ਹਾਂ ਕਿ ਸਾਰੇ ਸਮੇਂ ਕਾਲ ਦੇ ਅਧੀਨ ਹਨ ਤਾਂ ਉਹ ਸਮਾਂ ਕੈਸਾ ਹੋਵੇਗਾ ਜਿੱਥੇ ਸਾਰੇ ਸਮੇਂ ਮਰ ਜਾਣ, ਮੁੱਕ ਜਾਣ। ਪਰ ਉਹ ਨਾ ਮੁੱਕੇ, ਨਾ ਮਰੇ। ਉਸਨੂੰ ਅਕਾਲ ਕਹਿੰਦੇ ਹਨ। ਮਨੁੱਖ ਦੀ ਸੋਚ ਉਡਾਰੀ ਵਿੱਚ ਆਏ ਸਾਰੇ ਸਮੇਂ ਇਸ ਅਕਾਲ ਦੇ ਅਧੀਨ ਹਨ। ਇਹ ਨਾ ਜੰਮਦਾ ਹੈ ਨਾ ਮਰਦਾ ਹੈ। ਹੁਣ ਇਸਨੂੰ, ਜਿਸਨੂੰ ਅਕਾਲ ਕਿਹਾ ਜਾਂਦਾ ਹੈ, ਉਸ ਨੂੰ ਚਲਾਉਣ ਵਾਲਾ ਜੋ ਹਰ ਸਮੇਂ ਹਰ ਕਾਲ ਵਿੱਚ ਹੈ ਉਸਨੂੰ ਅਕਾਲ ਪੁਰਖ ਕਹਿੰਦੇ ਹਨ, ਜੋ ਸਰਬ ਸ਼ਕਤੀਮਾਨ ਹੈ ਤੇ ਸਾਰੇ ਸਮੇਂ ਜਿਸਦੇ ਅਧੀਨ ਹਨ।

---

*(ਪੰਨਾ 13 ਦੀ ਬਾਕੀ)*

ਤੇ ਨਾ ਉਤਰਨ ਵਾਲਾ ਅਗੰਮੀ ਨਸ਼ਾ ਹੈ।

ਭਾਈ ਸਾਹਿਬ ਦੀ ਗੁਰਸਿੱਖੀ ਦਾ ਤੱਤ ਪ੍ਰੇਮ ਉਚਿਆਈਆਂ ਨੂੰ ਛੁਹੰਦਾ ਇਸ਼ਕ ਹਕੀਕੀ ਹੈ; ਗੰਭੀਰਤਾ, ਮਨ ਦੀ ਅਡੋਲਤਾ ਤੇ ਬੇਪਰਵਾਹੀ ਬ੍ਰਹਮ ਗਿਆਨ ਦੇ ਸੂਚਕ ਹਨ। ਸੰਕਟ ਦੀਆਂ ਲਹਿਰਾਂ ਵਿਚ, ਕੰਵਲ ਜੈਸੀ ਅਲੇਪਤਾ, ਸਵਾਂਤੀ ਬੂੰਦ ਦੇ ਪਿਆਸੇ ਚਾਤ੍ਰਿਕ ਦੀ ਬਿਹਬਲਤਾ ਤੇ ਮੱਛੀ ਦੇ ਪਿਆਰ ਦੀ ਤੀਬਰਤਾ ਅੱਤ ਉੱਚੇ ਪਿਆਰ ਦੀ ਪਰਵਾਨਤ ਵੰਨਗੀ ਹੈ। ਪਿਆਰ ਦੇ ਕਈ ਵੱਖ - ਵੱਖ ਸਰੂਪ ਹੋਣ ਕਰਕੇ ਗੁਰਮੁਖਿ ਜਨ ਅਨਿਕ ਰੰਗਾਂ ਵਿਚ ਵਿਚਰਦਾ ਹੈ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥੨॥੨●॥***
***ਮ: ੧, ਆਸਾ ਦੀ ਵਾਰ, ਪੰਨਾ ੪੭੩***

ਵੈਰਾਗਮਈ ਅਵਸਥਾ ਵਿਚ ਹੰਝੂਆਂ ਦੀ ਝੜੀ, ਨਾਮ ਸਿਮਰਨ ਤੇ ਸ਼ਬਦ ਕੀਰਤਨ ਵੇਲੇ ਪ੍ਰੇਮ-ਭਿੰਨੀ ਸ਼ਬਦ-ਧੁਨੀ ਪੱਥਰ-ਦਿਲਾਂ ਨੂੰ ਟੁੰਬਦੀ ਤੇ ਮੋਮ ਕਰਦੀ ਜਾਂਦੀ ਹੈ। ਗੁਰਮਤਿ ਸਾਹਿੱਤ ਵਿਚੋਂ ਸਿਦਕ, ਪ੍ਰੇਮ ਦੇ ਜਜ਼ਬਾਤ, ਨਿਰੋਲ ਗੁਰਬਾਣੀ ਵਿਆਖਿਆ ਤੋਂ ਆਵੇਸ਼ ਆਧਾਰੀ ਕਵਿਤਾ ਦੀ ਆਪ-ਮੁਹਾਰੀ ਰਵਾਨੀ ਰਾਹੀਂ ਫੁੱਟ ਫੁੱਟ ਕੇ ਪ੍ਰਗਟ ਹੁੰਦੇ ਪ੍ਰਤੀਤ ਹੁੰਦੇ ਹਨ।

ਪੂਰਨ ਗੁਰਸਿੱਖ ਸਦਾ ਹੀ ਸਤਿਗੁਰੂ ਨੂੰ ਆਪਣੇ ਨਿਕਟ ਸਮਝਦੇ ਹਨ; ਕੇਵਲ ਸਮਝਦੇ ਹੀ ਨਹੀਂ, ਸਤਿਗੁਰ ਨਾਲ ਰਹਿੰਦੇ ਹਨ ਤੇ ਆਪਣੇ ਆਪ ਨੂੰ ਕਦੇ ਵੀ ਇਕੱਲਾ ਨਹੀਂ ਸਮਝਦੇ। ਇਸ ਦੀ ਪ੍ਰੋੜਤਾ ਲਈ ਇਕ ਪਾਦਰੀ ਨਾਲ ਮੁਲਾਕਾਤ ਦੀ ਘਟਨਾ ਦਾ ਸੰਖੇਪ ਹਵਾਲਾ ਦੇਣਾ ਢੁਕਵਾਂ ਤੇ ਦਿਲਚਸਪ ਹੋਵੇਗਾ।

ਵਲਾਇਤੋਂ ਆਏ ਵੱਡੇ ਪਾਦਰੀ ਸਾਹਿਬ ਖ਼ਾਸ ਤੌਰ ਤੇ ਭਾਈ ਸਾਹਿਬ ਨੂੰ ਜੇਲ੍ਹ ਵਿਚ ਮਿਲਣ ਆਏ। ਤੰਗ-ਬਾਰੀਕ ਕਾਲ-ਕੋਠੜੀ ਵਿਚ ਦਿਨ ਰਾਤ ਤਨਹਾਈ ਵਿਚ ਵੀ ਚਿਹਰੇ ਦੀ ਦਮਕਦੀ ਦਮਕਦੀ ਲਾਲੀ ਤੱਕ ਕੇ ਪਾਦਰੀ ਸਾਹਿਬ ਨੇ ਖ਼ੁਦ ਇਸ ਤਰ੍ਹਾਂ ਦੀ ਕੋਠੜੀ ਵਿਚ ਲਗਪਗ ਤਿੰਨ ਘੰਟੇ ਬਿਤਾਉਣ ਦੀ ਇੱਛਿਆ ਪ੍ਰਗਟ ਕੀਤੀ। ਭਾਈ ਸਾਹਿਬ ਨੇ ਆਪ ਹੀ ਉਨ੍ਹਾਂ ਨੂੰ ਸੁਝਾਉ ਦਿੱਤਾ ਕਿ ਜਦੋਂ ਜੀਅ ਉਕਤਾ ਜਾਵੇ ਤਾਂ ਲੋਹੇ ਦੀ ਤਾਰ ਖਿੱਚ ਕੇ ਸੰਕੇਤ ਦੇ ਦੇਣਾ, ਇੰਜ ਸੈਲ-ਬਲਾਕ ਦਾ ਇਨਚਾਰਜ ਆਪ ਪਾਸ ਹਾਜ਼ਰ ਹੋ ਜਾਵੇਗਾ। ਜਿਵੇਂ ਕਿ ਭਾਈ ਸਾਹਿਬ ਦਾ ਅਨੁਮਾਨ ਸੀ, ਪਾਦਰੀ ਸਾਹਿਬ ਨੇ ਇਕ ਘੰਟੇ ਦੇ ਅੰਦਰ ਅੰਦਰ ਆਪਣੀ ਕੋਠੀ ਦੀ ਘੰਟੀ ਦਬਾ ਦਬ ਖੜਕਾਉਣੀ ਸ਼ੁਰੂ ਕੀਤੀ, ਇਉਂ ਆਵਾਜ਼ਾਂ ਮਾਰਨ ਲਗੇ, ਜਲਦੀ ਹਮ ਕੋ ਬਾਹਰ ਨਿਕਾਲੋ, ਜਲਦੀ ਕਰੋ, ਹਮਾਰਾ ਜਾਨ ਨਿਕਲਤਾ ਹੈ। ਬਾਹਰ ਨਿਕਲ ਕੇ ਭਾਈ ਸਾਹਿਬ ਨੂੰ ਬੁਲਾਇਆ ਤੇ ਇੰਜ ਆਖਣਾ ਸ਼ੁਰੂ ਕੀਤਾ, ਵਾਹੋ ਦਾਹੀ ਮੁੜ ਮੁੜ ਆਖੀ ਜਾਵੇ -

ਵੈਲ, ਗੁਰੂ ਕੇ ਸਿੱਖ! ਤੁਮ੍ਹਾਰਾ ਗੁਰੂ ਨਾਨਕ ਸੱਚਮੁੱਚ ਤੁਮ੍ਹਾਰੇ ਸਾਥ ਰਹਿਤਾ ਹੈ। ...ਹਮਾਰਾ ਈਸਾ ਅਤੇ ਯਸੂਹ ਮਸੀਹ ਹਮਾਰੇ ਸਾਥ ਇਸ ਤਰ੍ਹਾਂ ਨਹੀਂ ਰਹਿਤਾ, ਜੈਸੇ ਤੁਮ੍ਹਾਰਾ ਗੁਰੂ ਨਾਨਕ ਤੁਮ੍ਹਾਰੇ ਸਾਥ ਹਰ ਦਮ ਰਹਿਤਾ ਹੈ।

# ਮੈ ਆਪਣਾ ਗੁਰੁ ਪੂਛਿ ਦੇਖਿਆ

*[ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ]*

ਜੋ ਸਿਖ ਆਪਣੇ ਗੁਰੂ ਦੀ ਆਗਿਆ ਵਿਚ ਨਹੀਂ ਤੁਰਦਾ, ਗੁਰੂ ਦੀ ਸਿਖਿਆ ਲੈ ਕੇ ਅਮਲ ਨਹੀਂ ਕਰਦਾ, ਉਹ ਆਤਮਕ ਮੰਡਲ ਵਿਚ ਕਿਵੇਂ ਕਾਮਯਾਬ ਹੋ ਸਕਦਾ ਹੈ? ਉਸ ਨੇ ਕਾਮਯਾਬ ਤਾਂ ਕੀ ਹੋਣਾ ਹੈ, ਸਗੋਂ ਭੰਭਲ-ਭੂਸਿਆਂ ਵਿਚ ਪੈ ਕੇ ਭਟਕਦਾ ਰਹੇਗਾ। ਗੁਰੂ ਬਿਨਾਂ ਗਤਿ ਹੋ ਹੀ ਨਹੀਂ ਸਕਦੀ। ਇਸ ਭਾਵ ਦਾ ਉਲੇਖ ਇਸ ਲੇਖ ਵਿਚ ਕੀਤਾ ਗਿਆ ਹੈ। *- ਸੰਪਾਦਕ*

ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀ ਰਾਗ ਬਾਣੀ ਦੇ ਅਰੰਭ ਵਿਚ ਹੀ ਫੁਰਮਾਉਂਦੇ ਹਨ -

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ,*
*ਅਵਰੁ ਨਾਹੀ ਥਾਉ॥੧॥ਰਹਾਉ॥* *ਅੰਗ - ੧੪*

ਸਚੇ ਪਾਤਸ਼ਾਹ ਨੇ ਭੀ ਆਪਣੇ ਗੁਰੂ ਨੂੰ ਪੁੱਛਣ ਤੋਂ ਬਾਅਦ ਹੀ ਸਾਡੇ ਲਈ ਇਹ ਉਪਦੇਸ਼ ਕੀਤਾ ਹੈ ਕਿ ਨਾਮ ਤੋਂ ਬਿਨਾਂ ਕਿਸੇ ਦਾ ਕਿਸੇ ਵੀ ਤਰ੍ਹਾਂ, ਛੁਟਕਾਰਾ ਨਹੀਂ ਹੋਣਾ। ਮੁੱਢ ਤੋਂ ਹੀ ਜ਼ੋਰ ਇਸੇ ਗੱਲ ਤੇ ਦਿੱਤਾ ਗਿਆ ਹੈ ਕਿ ਨਾਮ ਦੀ ਕਮਾਈ ਕਰਨ ਲੱਗਿਆਂ ਗੁਰੂ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਤਾਬਿਆ ਵਿਚ ਸਦਾ ਵਿਚਰਨਾ ਹੈ। ਗੁਰੂ ਪਾਤਸ਼ਾਹ ਦੇ ਹੁਕਮ ਵਿਚ ਟਿਕਣਾ, ਗੁਰਮਤੀ ਕਦਰਾਂ ਦਾ ਇਕ ਅਤਿ ਜ਼ਰੂਰੀ ਪਹਿਲੂ ਹੈ।

ਸਤਿਗੁਰੂ ਜੀ ਗਉੜੀ ਗੁਆਰੇਰੀ ਦੀਆਂ ਅਸ਼ਟਪਦੀਆਂ ਵਿਚ ਇਸ ਭੇਦ ਨੂੰ ਬੜੇ ਵਿਸਥਾਰ ਨਾਲ ਖੋਲ੍ਹਦੇ ਹਨ -

*ਬਿਨੁ ਗੁਰ ਗਰਬੁ ਨ ਮੇਟਿਆ ਜਾਇ॥*
*ਗੁਰਮਤਿ ਧਰਮੁ ਧੀਰਜੁ ਹਰਿ ਨਾਇ॥*
*ਨਾਨਕ ਨਾਮੁ ਮਿਲੈ ਗੁਣ ਗਾਇ॥੧੨॥੯॥*
*ਅੰਗ - ੨੨੫*

ਉਪਰੋਕਤ ਅਸ਼ਟਪਦੀ ਦੇ ਸ਼ਬਦ ਵਿਚ ਸਤਿਗੁਰੂ ਜੀ ਨੇ ਪੁਰਾਤਨ ਭਾਰਤ ਦੇ ਬੜੇ ਬੜੇ ਰਾਜਿਆਂ, ਵਿਦਵਾਨਾਂ, ਦੇਵਤਿਆਂ, ਰਾਖਸ਼ਸਾਂ ਆਦਿ ਦੇ ਵੇਰਵੇ ਦੇ ਕੇ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਇਹ ਸਾਰੇ ਕਿਉਂ ਖੁਆਰ ਹੋਏ। ਇਸ ਲਈ ਕਿ ਇਹ ਸਾਰੇ ਆਪਣੇ ਗੁਰੂ ਤੋਂ ਪੁਛੇ ਬਿਨਾਂ, ਗੁਰੂ ਤੋਂ ਸਲਾਹ ਜਾਂ ਸਿੱਖਿਆ ਲਏ ਬਿਨਾਂ ਆਪ-ਹੁਦਰੇ ਹੋ ਕੇ ਕਰਮ ਕਰਦੇ ਰਹੇ, ਜਿਸ ਕਰਕੇ ਅੰਤ ਉਹਨਾਂ ਨੂੰ ਪਛਤਾਉਣਾ ਪਿਆ -

*ੳ) ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥*
*ਬੇਦ ਕੀ ਬਿਪਤਿ ਪੜੀ ਪਛੁਤਾਨਿਆ॥੧॥*

*ਅ) ਬਲਿ ਰਾਜਾ ਮਾਇਆ ਅਹੰਕਾਰੀ॥*
*ਜਗਨ ਕਰੈ ਬਹੁ ਭਾਰ ਅਫਾਰੀ॥*
*ਬਿਨੁ ਗੁਰ ਪੂਛੇ ਜਾਇ ਪਇਆਰੀ॥੨॥*

*ੲ) ਹਰੀਚੰਦੁ ਦਾਨੁ ਕਰੈ ਜਸੁ ਲੇਵੈ॥*
*ਬਿਨੁ ਗੁਰ ਅੰਤੁ ਨ ਪਾਇ ਅਭੇਵੈ॥੩॥*

*ਸ) ਭੂਲੋ ਰਾਵਣੁ ਮੁਗਧੁ ਅਚੇਤਿ॥*
*ਲੂਟੀ ਲੰਕਾ ਸੀਸ ਸਮੇਤਿ॥*
*ਗਰਬਿ ਗਇਆ ਬਿਨੁ ਸਤਿਗੁਰ ਹੇਤਿ॥੫॥*

*ਹ) ਜਨਮੇਜੈ ਗੁਰ ਸਬਦੁ ਨ ਜਾਨਿਆ॥*
*ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥੧੦॥*
*ਅੰਗ - ੨੨੪-੨੫*

ਇਸ ਸੰਦਰਭ ਵਿਚ ਸਤਿਗੁਰੂ ਜੀ ਅਗੇ ਚਲ ਕੇ ਅੰਗ ੨੨੭ ਤੇ ਇਹ ਸਿਧਾਂਤ ਦ੍ਰਿੜ੍ਹ ਕਰਾਉਂਦੇ ਹਨ ਕਿ ਅਸੀਂ ਭੀ ਗੁਰੂ ਧਾਰਨ ਕੀਤਾ, ਤਾਂ ਸੱਚ ਦੀ ਸੋਝੀ ਹੋਈ-

*ਸਤਿਗੁਰੁ ਦੇਖਿਆ, ਦੀਖਿਆ ਲੀਨੀ॥*
*ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ॥*
*ਗਤਿ ਮਿਤਿ ਪਾਈ ਆਤਮੁ ਚੀਨੀ॥੪॥੧੫॥*
*ਅੰਗ - ੨੨੭*

ਆਸਾ ਕੀ ਵਾਰ ਮ: ੧ ਵਿਚ ਸਤਿਗੁਰੂ ਜੀ ਨੇ ਸੱਚ ਦੀ ਪ੍ਰਾਪਤੀ ਲਈ ਜਤਨ ਕਰਨ ਵਾਲਿਆਂ ਦੇ ਮਿਆਰ ਬੱਧੇ

**(ਬਾਕੀ ਪੰਨਾ 30 'ਤੇ)**

# ਸੱਚੀਆਂ ਦਾੜ੍ਹੀਆਂ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

## ੧) ਦਾੜ੍ਹੀਆਂ ਦੀ ਮਹੱਤਤ

*ਸੋ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ॥*
*ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ॥*
*ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍ਹਿ॥੫੨॥*
*ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ॥*
*ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਹਿ ਸਮਾਹਿ॥*
*ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਹਿ॥*
*ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ॥*
*ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ॥*
*ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਹਿ॥੫੩॥ ਅੰਗ - ੧੪੧੯*

ਇਸ ਗੁਰਵਾਕ ਦੀ ਪਹਿਲੀ ਪੰਗਤੀ ਦਾ ਸਪੱਸ਼ਟ ਭਾਵ ਇਹ ਹੈ ਕਿ ਉਹੀ ਦਾੜ੍ਹੀਆਂ ਸੱਚੀਆਂ ਅਤੇ ਸੁੱਚੀਆਂ ਹਨ ਜੋ ਗੁਰੂ ਕੀ ਚਰਨੀ ਲਗਦੀਆਂ ਹਨ। ਭਾਵ ਸੋਈ ਸਿੱਧੀਆਂ ਦਾੜ੍ਹੀਆਂ ਵਾਲੇ ਗੁਰਮੁਖ ਜਨ, ਸੱਚੇ ਗੁਰਮੁਖ ਜਨ ਹਨ, ਜਿਨ੍ਹਾਂ ਦੀਆਂ ਗੁਰਮੁਖੀ ਸਿੱਧੀਆਂ ਚਾੜ੍ਹੀਆਂ ਸੁਤੇ ਸੁਭਾ ਗੁਰ ਚਰਨੀ ਆਣ ਲਗਦੀਆਂ ਹਨ। ਭਲਾ ਮੁੰਨੀਆਂ ਮੁੜ-ਚੁੰਨੀਆਂ ਦੁੜੀਆਂ ਨੇ ਗੁਰ ਚਰਨੀ ਕੀ ਲਗਣਾ ਹੋਇਆ? ਮੁੰਨੀਆਂ ਮੁੜਚੁੰਨੀਆਂ ਦਾੜ੍ਹੀਆਂ ਵਾਲੇ ਜਦੋਂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ ਤਾਂ ਤਿਨਾਂ ਦੀਆਂ ਮੁੰਨੀਆਂ ਮੁੜਚੁੰਨੀਆਂ ਦਾੜੀਆਂ ਗੁਰ ਚਰਨੀ ਲਗਣੋ ਐਵੇਂ ਹੀ ਰਹਿ ਜਾਂਦੀਆਂ ਹਨ। ਅਜ ਕਲ੍ਹ ਇਹ ਫ਼ੈਸ਼ਨ ਹੋ ਗਿਆ ਹੈ ਕਿ ਜਿਤਨੇ ਭੀ ਸਿਖ ਦੇਖੀਦੇ ਹਨ, ਸਭ ਦੀਆਂ ਇਕਦੂ ਵਾਧਿਓਂ ਦਾੜ੍ਹੀਆਂ ਮਰੋੜ ਤੋੜ ਤੇ ਚਾੜ੍ਹੀਆਂ ਹੁੰਦੀਆਂ ਹਨ। ਕਈ ਤਾਂ ਦਾੜੀਆਂ ਚਪਕਾ ਕੇ ਐਸੀਆਂ ਚਾੜ੍ਹਦੇ ਹਨ ਕਿ ਦਾੜ੍ਹੀਆਂ ਆਈਆਂ ਮਲੂਮ ਹੀ ਨਾ ਹੋਣ। ਅਗੇ ਤਾਂ ਕੇਵਲ ਫੌਜੀ ਸਿੱਖ ਹੀ ਦਾੜ੍ਹੀਆਂ ਚੜ੍ਹਾਇਆ ਕਰਦੇ ਸਨ, ਪਰ ਹੁਣ ਤਾਂ ਹਰ ਇਕ ਮਹਿਕਮੇ ਦੇ ਸਿੱਖ ਮੁਲਾਜ਼ਮ ਸਾਰੇ ਦੇ ਸਾਰੇ ਹੀ ਦਾੜ੍ਹੀਆਂ ਚੜ੍ਹਾਉਂਦੇ ਹਨ। ਗੁਰਦੁਆਰੇ ਵਿਚ ਭੀ ਆਉਂਦੇ ਹਨ। ਜਦੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਗੇ ਮੱਥਾ ਟੇਕਦੇ ਹਨ ਤਾਂ ਓਹਨਾਂ ਦੀਆਂ ਦਾੜੀਆਂ ਗੁਰੂ ਚਰਨੀ ਲਗ ਹੀ ਨਹੀਂ ਸਕਦੀਆਂ। ਇਹ ਸਾਰੇ ਹੀ ਹਿੰਦੂਆਂ ਦੀ ਦੇਖਾ ਦੇਖੀ ਰੀਸੇ ਕੁਰੀਸੇ ਪੈ ਰਹੇ ਹਨ।

ਦਿਲੋਂ ਤਾਂ ਇਹ ਚਾਹੁੰਦੇ ਹਨ ਕਿ ਦਾੜ੍ਹੀਆਂ ਕਿਉਂ ਆ ਗਈਆਂ? ਪਰ ਆਈਆਂ ਦਾੜ੍ਹੀਆਂ ਦੀ ਲਾਜ ਜ਼ਰੂਰ ਰਖਣੀ ਪੈਂਦੀ ਹੈ, ਸਿਖ ਭੀ ਕਹਾਉਂਦੇ ਰਹਿਣ ਤੇ ਆਪੋ ਆਪਣੇ ਡੀਪਾਰਟਮੈਂਟਾਂ ਦੇ ਅਫ਼ਸਰਾਂ ਨੂੰ ਭੀ ਖ਼ੁਸ਼ ਰਖਦੇ ਰਹਿਣ, ਪਰ ਉਹ ਖ਼ੁਸ਼ ਫੇਰ ਭੀ ਨਹੀਂ ਹੁੰਦੇ। ਉਹ ਆਨਮਤੀ ਲੋਗ ਤਾਂ ਏਸ ਗੱਲ ਵਿਚ ਖ਼ੁਸ਼ ਹਨ ਕਿ ਸਿਖ ਭੀ ਸਾਰੇ ਓਹਨਾਂ ਵਾਂਗ ਮੋਨੇ ਹੋ ਜਾਣ। ਸਵਾਰਥੀ ਸਿਖ ਚਾਹੇ ਹਿੰਦੂਆਂ ਵਾਲੀ ਦਾੜ੍ਹੀ ਮੁੰਨਣ ਵਾਲੀ ਵਾਦੀ ਵਿਚ ਤਾਂ ਨਹੀਂ ਪੈ ਸਕਦੇ, ਪਰ ਦਾੜ੍ਹੀ ਮੁੜਚੁੰਨ ਕੇ, ਮਰੋੜ ਤੋੜ ਕੇ ਚੜ੍ਹਾਉਣ ਵਿਚ ਹੀ ਹਿੰਦੂਆਂ ਦੀ ਸਵਾਰਥ-ਪਸੰਦ ਖ਼ੁਸ਼ਨੂਦੀ ਲੈਂਦੇ ਹਨ। ਇਹ ਸਵਾਰਥ-ਪਸੰਦੀ ਸਿਖਾਂ ਦੇ ਕਿਸੇ ਕੰਮ ਭੀ ਨਹੀਂ ਆਉਣੀ, ਸਗੋਂ ਆਪਣਾ ਹੀ ਪਰਮਾਰਥ ਵਿਗਾੜ ਬੈਠਣਗੇ।

ਸਵਾਰਥ-ਪਸਿੰਦ ਵਿਗੜੇ ਹੋਏ ਸਿਖ ਅਗੋਂ ਇਹ ਹੁੱਜਤ ਭੇੜਦੇ ਹਨ ਕਿ ਦਾੜ੍ਹੀ ਚੜ੍ਹਾਉਣ ਵਿਚ ਪਰਮਾਰਥ ਕਿਵੇਂ ਵਿਗੜ ਜਾਂਦਾ ਹੈ, ਪਰਮਾਰਥ ਦਾ ਸੰਬੰਧ ਤਾਂ ਮਨ ਦੇ ਨਾਲ ਹੈ। ਇਹੋ ਜਿਹੇ ਦਾੜ੍ਹੀ-ਮੁੰਨੇ ਜਦੋਂ ਸਵਾਲ-ਜਵਾਬ ਕਰਦੇ ਹਨ ਤਾਂ ਅਸੀਂ ਓਹਨਾਂ ਦਾੜ੍ਹੀ-ਮੁੰਨਿਆਂ ਨੂੰ ਤਾਂ ਇਹ ਜਵਾਬ ਦੇ ਦਿਆ ਕਰਦੇ ਹਾਂ ਕਿ -

*ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥*
*ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥੧੦੧॥ ਅੰਗ - ੧੩੬੯*

ਤਿਸ ਪਰ ਮੂੰਹ ਸਿਰ ਮੁੰਨਣ-ਹਾਰਿਆਂ ਨੂੰ ਹੋਰ ਤਾਂ ਉੱਤਰ ਫੁਰਦਾ ਨਹੀਂ ਪਰੰਤੂ ਅਗਲੇਰੇ ਵਾਕ ਦਾ ਆਸਰਾ

ਭਾਵੇਂ ਲੈਂਦੇ ਹਨ –

*ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ॥੨੫॥*
*ਅੰਗ – ੧੩੬੫*

ਇਸ ਗੁਰਵਾਕ ਪੰਗਤੀ ਦਾ ਅਸਲ ਭਾਵ ਉਹ ਜਾਣਦੇ ਹੀ ਨਹੀਂ। ਤਤ ਭਾਵ ਇਹ ਹੈ ਕਿ ਲਾਂਬੇ ਕੇਸ ਕਰਨ ਦਾ, ਜੋ ਜਟਾਧਾਰੀ ਅਨਮਤੀ ਲੋਗ ਕੁਦਰਤੀ ਕੇਸਾਂ ਵਿਚ ਭਸਮ ਰੁਮਾ ਰੁਮਾ ਕੇ ਮਸਨੂਈ (ਬਨਾਵਟੀ) ਤੌਰ ਪਰ ਜਟਾਂ ਵਧਾਉਂਦੇ ਹਨ, ਉਹਨਾਂ ਜਟਾਧਾਰੀਆਂ ਦੇ ਬਨਾਵਟੀ ਤੌਰ ਤੇ ਜਟਾਂ ਵਧਾਉਣ ਵਾਲੇ ਮਨਮਤੀ ਆਸ਼ੇ ਨੂੰ ਖੰਡਨ ਕੀਤਾ ਗਿਆ ਹੈ ਅਤੇ ਇਹ ਗੱਲ ਸਪੱਸ਼ਟ ਸਮਝਾਈ ਗਈ ਹੈ ਕਿ ਇਸ ਬਿਧ ਬਨਾਵਟੀ ਤੌਰ ਪਰ ਵਾਲਾਂ ਨੂੰ ਵਧਾਉਣ ਅਤੇ ਮੁੰਨਾਉਣ ਵਾਲੀਆਂ ਦੋਹਾਂ ਵਾਦੀਆਂ ਨੂੰ ਛੱਡ ਦਿਓ। ਕੁਦਰਤੀ ਤੌਰ ਪਰ ਕੇਸ ਆਏ ਹਨ ਤੇ ਆਉਂਦੇ ਹਨ, ਉਵੇਂ ਅਤੇ ਓਥੇ ਹੀ ਉਹਨਾਂ ਨੂੰ ਰਹਿਣ ਦਿਓ। ਅਗਸਤਨ ਪੈਰਾਸਤਨ (ਸਜਾਉਣ ਫਬਾਉਣ) ਦੀਆਂ ਦੋਈ ਵਾਦੀਆਂ ਗੁਰਮਤਿ ਅੰਦਰਿ ਮਮਨੂਹ (ਵਿਵਰਜਤ) ਹਨ। ਇਸ ਉਤਰ ਨੂੰ ਸੁਣ ਕੇ ਮੂੰਹ ਸਿਰ ਮੁੰਨੇ ਪੁਰਸ਼ਾਂ ਦੇ ਮੂੰਹ ਨੂੰ ਜਿੰਦਰੇ ਲਗ ਜਾਂਦੇ ਹਨ ਤੇ ਓਹਨਾਂ ਨੂੰ ਕੋਈ ਅਗੋਂ ਉਤਰ ਦੇਣਾ ਫੁਰਦਾ ਹੀ ਨਹੀਂ।

ਪਰ ਅਸਾਡੇ ਦਾੜ੍ਹੀ ਚਾੜਨ ਵਾਲੇ ਭਰਾ, ਖ਼ਾਸ ਕਰ ਠੋਡੀ ਦੀ ਗਲੂੰਡੀ ਕਰ ਕੇ ਰਖਣਹਾਰੇ, ਮਨ-ਹੁਜਤੀ ਸਿਖ-ਭਾਈ ਕੇਵਲ ਇਹੋ ਹੁਜ਼ਤ ਅਗੋਂ ਡਾਹਿਆ ਕਰਦੇ ਹਨ ਕਿ ਦੇਖੋ ਸੀਸ ਦੇ ਕੇਸਾਂ ਦਾ ਭੀ ਜੂੜਾ ਕੀਤਾ ਜਾਂਦਾ ਹੈ, ਅਸੀਂ ਜੇ ਦਾੜ੍ਹੀ ਦਾ ਹੇਠਾਂ ਜੂੜਾ ਕਰ ਲਿਆ ਜਾਂ ਦਾੜ੍ਹੀ ਚੜ੍ਹਾ ਲਈ ਤਾਂ ਕਿਹੜਾ ਲੋਹੜਾ ਆ ਗਿਆ। ਇਸ ਦਾ ਉੱਤਰ ਏਤਨਾ ਕਾਫ਼ੀ ਹੈ ਕਿ ਗੁਰਸਿਖਾਂ ਨੇ ਦਸਮੇਸ਼ ਜੀ ਦੀ ਦ੍ਰਿੜਾਈ ਰਹਿਤ ਬਹਿਤ ਨੂੰ ਪਹਿਲੋਂ ਮੁੱਖ ਰਖਣਾ ਹੈ ਤੇ ਓਹਨਾਂ ਦੇ ਸਮੱਗਰ ਹੁਕਮ ਪਾਲਣੇ ਹਨ। ਜੈਸਾ ਕਿ –

*ਕੰਘਾ ਦੋਨੋਂ ਵਕਤ ਕਰ ਪਾਗ ਚੁਨੈ ਕਰ ਬਾਂਧਈ।*

ਸੀਸ ਉਤੇ ਚੁਣ ਕੇ ਦਸਤਾਰ ਤਦੇ ਸਜਾਈ ਜਾ ਸਕਦੀ ਹੈ ਜੇਕਰ ਸੀਸ ਦੇ ਕੇਸਾਂ ਨੂੰ ਬਿਖਰਨੋਂ ਸੰਭਾਲ ਕੇ ਕੇਸਾਂ ਦਾ ਸੀਸ ਉਤੇ ਜੂੜਾ ਕੀਤਾ ਜਾਵੇ, ਪਰੰਤੂ ਦਾੜ੍ਹੀ ਚਿਪਕਾਉਣ ਮਰੋੜਨ ਮਚਕੋੜਨ-ਹਾਰਿਆਂ ਨੂੰ ਇਸ ਪਰਕਾਰ ਦੀ ਕੋਈ ਲੋੜ ਹੀ ਨਹੀਂ ਪੈਂਦੀ। ਦਾੜ੍ਹੀ ਤੇ ਠਾਠੀ ਬੰਨ੍ਹ ਕੇ ਜਾਂ ਜਾਲੀ ਬੰਨ੍ਹ ਕੇ ਦੀਵਾਨ ਵਿਚ ਆਉਣਾ ਹੋਰ ਭੀ ਭੈੜੀ ਮਨਮਤਿ ਹੈ। ਫ਼ੌਜ ਵਿਚ ਹੀ ਪੱਕੀ ਰਹਿਤ-ਰਹਿਣੀ ਰਹਿਣ ਵਾਲੇ ਕਈ ਇਕ ਸ਼ਰਧਾਲੂ ਸਿਖ ਵੇਖਣ ਵਿਚ ਆਏ ਹਨ ਕਿ ਉਹ ਸਾਰੀ ਸਾਰੀ ਉਮਰ ਫ਼ੌਜ ਵਿਚ ਰਹਿੰਦਿਆਂ ਹੋਇਆਂ ਦਾੜ੍ਹੀ ਚਾੜ੍ਹਦੇ ਹੀ ਨਹੀਂ। ... ਫ਼ੌਜੀ ਸਿੰਘਾਂ ਦੀ ਵੇਖੋ ਵੇਖੀ ਦੂਜੇ ਮਹਿਕਮਿਆਂ ਦੇ ਸਿਖ ਭੀ ਬੇਦਰੇਗ ਦਾੜ੍ਹੀਆਂ ਚਾੜ੍ਹਨ ਲਗ ਪਏ ਹਨ। ਐਥੋਂ ਤਕ ਕਿ ਨਿਝੱਕ ਹੋ ਕੇ ਅਜ ਸਮੂਹ ਮਹਿਕਮਿਆਂ ਦੇ ਅਜਿਹੇ ਸਮੂਹ ਮੁਲਾਜ਼ਮ-ਸਿਖ ਗੁਰੂ ਕੇ ਦੀਵਾਨਾਂ ਵਿਚ ਭੀ ਦਾੜ੍ਹੀਆਂ ਨਰੜ ਕੇ ਆਉਂਦੇ ਹਨ। ਦਾੜ੍ਹੀਆਂ ਨਰੜ ਕੇ ਦੀਵਾਨਾਂ ਵਿਚ ਆਉਣ ਨੂੰ ਫ਼ਖਰ ਸਮਝਿਆ ਜਾਂਦਾ ਹੈ। ਤੁਸੀਂ ਅੱਜ ਕਲ੍ਹ ਗੁਰੂ ਕੇ ਦੀਵਾਨਾਂ ਵਿਚ ਵੇਖੋਗੇ ਕਿ ਕੋਈ ਅਜਿਹੇ ਵਿਰਲੇ-ਵਾਂਝ ਸਿਖ ਹੀ ਹੁੰਦੇ ਹਨ ਜਿਨ੍ਹਾਂ ਦੇ ਗੁਰਮੁਖੀ ਦਾੜ੍ਹੇ ਹੁੰਦੇ ਹਨ। ਨਹੀਂ ਤੇ ਸਾਰਿਆਂ ਨੂੰ ਹੀ ਇਹ ਵਾਦੀ ਵਗੀ ਹੋਈ ਹੈ ਕਿ ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਆਉਣਗੇ, ਦਾੜ੍ਹੀ ਨਰੜ ਕੇ ਦੀਵਾਨਾਂ ਵਿਚ ਆਉਣ ਤੋਂ ਕਦੇ ਭੀ ਨਹੀਂ ਝਿਜਕਣਗੇ। ਦਾੜ੍ਹੀ ਨਰੜਨ ਵਾਲੇ ਨਾਮ-ਧਰੀਕ ਸਿਖਾਂ ਨੂੰ ਆਪਣੀ ਨਾਮ-ਧਰੀਕ ਸਰਕਾਰ ਦਾ ਸਰਕਾਰੀ ਸਵਾਰਥੀ ਆਰਡਰ ਮੰਨਣਾ ਮੁੱਖ ਜਾਪਦਾ ਹੈ। ਸੱਚੀ ਸਰਕਾਰ ਦੇ ਸੱਚੇ ਹੁਕਮ ਨੂੰ ਤਾਂ ਹੀ ਤੇ ਉਹ ਪਿਠ ਦੇਈ ਫਿਰਦੇ ਹਨ। ਸਾਨੂੰ ਖ਼ਤਰਾ ਹੈ ਕਿ ਕਈ ਸਵਾਰਥ-ਪੇਸ਼ਾ ਸਿਖੜਿਆਂ ਦੀ ਨੌਬਤ ਏਥੇ ਤਾਈਂ ਨਾ ਪੁਜ ਜਾਵੇ ਕਿ ਅੱਜ ਕਲ੍ਹ ਦੀ ਨਾਸਤਕ ਲਹਿਰ ਵਿਚ ਰੁੜ੍ਹ ਕੇ ਨਿਰੇ ਨਾਸਤਕ ਹੀ ਨਾ ਬਣ ਬੈਠਣ। ਕਿਤੇ ਦਾੜ੍ਹੀ ਕੇਸਾਂ ਨੂੰ ਜਵਾਬ ਹੀ ਨਾ ਦੇ ਦੇਣ, ਜੈਸਾ ਕਿ ਅਨੇਕਾਂ ਅਹੁਦਿਆਂ ਦੇ ਗਾਹਕ ਮੁਲਾਜ਼ਮਾਂ, ਸਰਕਾਰੀ ਅਫਸਰਾਂ ਖਾਸ ਕਰ ਫੌਜੀ ਅਹੁਦੇਦਾਰਾਂ ਪ੍ਰਥਾਇ ਸੁਣਿਆ ਗਿਆ ਕਿ ਉਹ ਕੂੜਾਵੇ ਅਹੁਦਿਆਂ ਦੀ ਖ਼ਾਤਰ ਦਾੜ੍ਹੀ ਕੇਸ ਮੁਨਾਈ ਫਿਰਦੇ ਹਨ। ਕੂੜਾਵੀਆਂ ਕਪਤਾਨੀਆਂ, ਕਰਨੈਲੀਆਂ, ਜਰਨੈਲੀਆਂ ਓਹਨਾਂ ਦੇ ਕਿਸੇ ਕੰਮ ਨਹੀਂ ਆਉਣੀਆਂ, ਐਥੇ ਹੀ ਰਹਿ ਜਾਣਗੀਆਂ। ਗੁਰੂ ਕੀ ਦਰਗਾਹ ਵਿਚ ਓਹਨਾਂ ਨੂੰ ਐਸੇ ਧੱਕੇ ਪੈਣਗੇ ਕਿ ਕਿਸੇ ਕੂੜਾਵੀ ਸਰਕਾਰ ਦੀਆਂ ਸਿਫਾਰਸ਼ਾਂ ਨੇ ਕੰਮ ਨਹੀਂ ਸਾਰਨਾ, ਪਛਤਾਉਣਾ ਹੀ ਪਛਤਾਉਣਾ ਰਹਿ ਜਾਵੇਗਾ।

ਅਸਾਡਾ ਇਹ ਹਰਗਿਜ਼ ਯਕੀਨ ਨਹੀਂ ਕਿ ਹਰ ਪਰਕਾਰ ਦੇ ਦਾੜ੍ਹੀ ਚਾੜ੍ਹਨਹਾਰੇ ਸਿੱਖਾਂ ਦਾ ਸੁਪਨ ਮਾਤਰ ਵਿਚ ਵੀ ਐਸਾ ਖ਼ਿਆਲ ਹੈ। ਬਲਕਿ ਉਹਨਾਂ ਨੂੰ ਦਾੜ੍ਹੀ ਕੇਸਾਂ ਦੀ ਰਖਿਆ ਦਾ ਪੱਕਾ ਯਕੀਨ ਹੈ, ਓਹਨਾਂ ਨੂੰ ਦਾੜ੍ਹੀ ਮਰੋੜਨ ਮਚਕੋੜਨ ਦਾ ਦੇਖਾ ਦੇਖੀ ਰਿਵਾਜ ਪਿਆ ਹੋਇਆ ਹੈ। ਪਰੰਤੂ ਇਹ ਐਸਾ ਭੈੜਾ ਰਿਵਾਜ ਪਿਆ ਹੈ ਕਿ ਦਿਨੋ ਦਿਨ ਵਧਦਾ ਹੀ ਜਾਂਦਾ ਹੈ। ਏਥੋਂ ਤਾਈਂ ਕਿ ਕਿਸੇ ਭੀ ਮਹਿਕਮੇ ਦਾ ਕੋਈ ਸਿਖ ਐਸਾ ਨਜ਼ਰ ਨਹੀਂ ਆਉਂਦਾ ਕਿ ਜੋ ਦਾੜ੍ਹੀ ਨਾ ਨਰੜਦਾ ਹੋਵੇ। ਸਾਨੂੰ ਬੜੇ ਅਫਸੋਸ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਕਈ ਇਕ ਐਸੇ ਸਿਖ ਭੀ ਹਨ ਜਿਨ੍ਹਾਂ ਦੀਆਂ ਜ਼ਨਾਨੀਆਂ ਨੂੰ ਆਪਣੇ ਪਤੀਆਂ ਦੀਆਂ

ਚਾੜ੍ਹੀਆਂ ਦਾੜ੍ਹੀਆਂ ਹੀ ਚੰਗੀਆਂ ਲਗਦੀਆਂ ਹਨ।

ਜੱਥੇ ਵਿਚ ਐਸੇ ਕੇਸ ਭੀ ਪੇਸ਼ ਹੋਏ ਹਨ ਕਿ ਸਿੰਘਾਂ ਨੂੰ ਜਦੋਂ ਪੁੱਛਿਆ ਗਿਆ ਕਿ ਤੁਸੀਂ ਆਪਣੀਆਂ ਜਨਾਨੀਆਂ ਨੂੰ ਘਰ ਕਿਉਂ ਨਹੀਂ ਵਸਾਉਂਦੇ। ਤਾਂ ਓਹਨਾਂ ਨੇ ਸਪੱਸ਼ਟ ਉੱਤਰ ਦਿਤਾ ਕਿ ਉਹਨਾਂ ਦੀਆਂ ਜ਼ਨਾਨੀਆਂ ਇਹ ਚਾਹੁੰਦੀਆਂ ਹਨ ਕਿ ਉਹ ਆਪਣੇ ਵਾਲਾਂ ਨੂੰ ਘਰੜ ਮੁਨਾ ਦੇਣ ਤਾਂ ਅਸੀਂ ਓਹਨਾਂ ਦੇ ਵਸਾਂਗੀਆਂ। ਪਰੰਤੂ ਤਿਨ੍ਹਾਂ ਸਿਦਕੀ ਸਿੰਘਾਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਆਪਣੀਆਂ ਕੁਵੱਲੀਆਂ (ਬੋਧੀਆਂ) ਇਸਤ੍ਰੀਆਂ ਦੇ ਗੁਰਮਤਿ-ਹੀਣੇ ਤੇ ਮਨਮਤਿ-ਭਰੇ ਇਸ ਹੁਕਮ ਨੂੰ ਮੰਨਣ, ਤਾਂ ਤੇ ਤਿਨ੍ਹਾਂ ਦਾ ਤਿਆਗ ਹੀ ਓਹਨਾਂ ਨੂੰ ਭਲਾ ਜਾਪਿਆ। ਪੜਤਾਲ ਕਰਨ ਤੋਂ ਪਤਾ ਲਗਾ ਕਿ ਕਈਆਂ ਨੇ ਆਪਣੇ ਕਾਲੇ ਵਾਲ ਪੁਟ ਕੇ ਸਾਫ ਕਰ ਛਡੇ ਸਨ। ਕਈ ਨਾਮ-ਧਰੀਕ ਸਿੱਖ ਸਿਖਣੀਆਂ ਇੰਦਰ ਬਾਗ਼ ਵਾਲੇ ਰੋਮਾਂ ਨੂੰ ਉਡਾ ਦੇਣਾ ਅਤੇ ਘਰੜ ਮੂਨਾ ਦੇਣਾ ਮਨਮਤਿ ਹੀ ਨਹੀਂ ਸਮਝਦੇ। ਜੋ ਕੱਚ-ਘਰੜ ਸਿਖ ਕੇਵਲ ਮਨ-ਮੰਨੀ ਸਰੀਰਕ ਸੁਹੱਪਣ ਖ਼ਾਤਰ ਦਾੜ੍ਹੀਆਂ ਦੀ ਬੇਅਦਬੀ ਕਰਦੇ ਹਨ, ਉਹ ਮਹਾਂ ਮਨਮਤੀਏ ਹਨ। ਦਾੜ੍ਹੀਆਂ ਸੋਹਣੀਆਂ ਲਗਣ ਲਈ ਚੜ੍ਹਾਉਣਾ, ਮਰੋੜਨਾ ਮਚਕੋੜਨਾ ਭਾਰੀ ਮਨਮਤਿ ਹੈ।

***ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥***
***ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ (੪॥੬)***
***ਅੰਗ - ੬੦੧-੦੨***

ਗੁਰਵਾਕ ਦੇ ਭਾਵ ਅਨੁਸਾਰ ਨਿਤ ਨਵੇਂ ਦਿਨ ਅਤੇ ਨਵੇਂ ਸਿਰੇ ਦਾੜ੍ਹੀਆਂ ਮੁੰਨਣ ਵਾਲੇ ਪ੍ਰਾਣੀ ਵਾਹਿਗੁਰੂ ਦਾ ਭਾਣਾ ਛਡ ਕੇ ਨਿਰਾ ਆਪਣੇ ਮਨ ਦਾ ਹੁਕਮ ਮੰਨ ਕੇ ਚਲਣਹਾਰੇ ਮਨਮੁਖ ਵਿਛੁੜਿ ਚੋਟਾਂ ਖਾਵਣਹਾਰ ਪ੍ਰਾਣੀ ਹਨ। ਜੋ ਸਚਿਆਰ ਸਿਖ ਗੁਰੂ ਵਾਹਿਗੁਰੂ ਦਾ ਭਾਣਾ ਸਤਿ ਸਤਿ ਕਰਕੇ ਮੰਨਦੇ ਹਨ ਉਹ ਕਦੇ ਭੀ ਵਾਹਿਗੁਰੂ ਦੇ ਭਾਣੇ ਤੋਂ ਉਲਟ ਦਾੜ੍ਹੀਆਂ ਕੇਸਾਂ ਦਾ ਮੁੰਡਣ ਨਹੀਂ ਕਰਾਉਂਦੇ।

ਓਹੀ ਗੁਰੂ ਦੇ ਸੇਵਕ ਸਿਖ ਹਨ ਜੋ ਗੁਰਬਾਣੀ ਰਾਹੀਂ ਆਇਆ ਹਰ ਇਕ ਹੁਕਮ ਸਤਿ ਸਤਿ ਕਰ ਮੰਨਦੇ ਹਨ। ਖਿਨ ਖਿਨ ਸੁਆਸਿ ਸੁਆਸਿ ਨਾਮ ਅਭਿਆਸ ਸਿਮਰਨ ਕਰਨਾ, ਖਾਸ ਮਖ਼ਸੂਸੀ ਗੁਰੂ ਵਾਹਿਗੁਰੂ ਨੂੰ ਦਿਨ ਰਾਤਿ ਸੇਵਨਾ ਹੈ। ਇਸ ਪ੍ਰਕਾਰ ਸੇਵਨਹਾਰ ਗੁਰੂ ਕੇ ਸਿਖ ਦਿਨੇ ਰਾਤ ਅਨੰਦ ਵਿਗਾਸ ਵਿਚ ਹੀ ਰਹਿੰਦੇ ਹਨ। ਸੱਚੀਆਂ ਗੁਰਮੁਖੀ ਦਾੜ੍ਹੀਆਂ ਵਾਲੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਲਾਲ, ਹੀ ਸੋਹਣੇ ਮੁਖੜੇ ਵਾਲੇ ਹਨ, ਅਜਿਹੇ ਗੁਰੂ ਕੇ ਲਾਲ ਸੱਚੇ ਵਾਹਿਗੁਰੂ ਦੀ ਦਰਗਾਹ ਵਿਖੇ ਪ੍ਰਗਟ ਪਹਾਰੋ ਗੁਰਮੁਖ ਜਾਪਦੇ ਹਨ। ਓਹਨਾਂ ਦੇ ਚੇਹਰੇ ਉਤੇ ਸੱਚੀਆਂ ਗੁਰਮੁਖੀ ਦਾੜ੍ਹੀਆਂ ਸੋਹੰਦੀਆਂ ਹਨ ਅਤੇ ਮੁਖੋਂ ਸੱਚੇ ਵਾਹਿਗੁਰੂ ਦਾ ਸੱਚਾ ਨਾਮੁ ਖਿਨ ਖਿਨ ਉਚਾਰਨ ਕਰਦੇ ਰਹਿੰਦੇ ਹਨ। ਤਿਨ੍ਹਾਂ ਦੇ ਗੁਰਮੁਖੀ ਮੁਖਾਰਬਿੰਦ ਵਿਚੋਂ ਸੱਚ ਨਾਮ ਦਾ ਅਕਸੀਰ-ਰਸੈਣੀ-ਸਿਮਰਨ ਵੀ ਸਾਸਿ ਸਾਸਿ ਉਚਾਰਨ ਹੁੰਦਾ ਰਹਿੰਦਾ ਹੈ। ਉਹ ਹਰ-ਦਮ ਸੱਚੇ ਨਾਮ ਦੀਆਂ ਅਭਿਆਸ-ਕਮਾਈਆਂ ਕਰਦੇ ਰਹਿੰਦੇ ਹਨ। ਓਹਨਾਂ ਦੇ ਹਿਰਦੇ ਅੰਦਰ ਗੁਰਮਤਿ ਰੂਪੀ ਸੱਚਾ 'ਵਾਹਿਗੁਰੂ' ਸ਼ਬਦ ਹੀ ਵਸਿਆ ਰਹਿੰਦਾ ਹੈ, ਜਿਸ ਸ਼ਬਦ ਗੁਰਮੰਤਰ ਦੇ ਖਿਨ ਖਿਨ ਅੰਦਰਿ ਰਸੇ ਰਹਿਣ ਕਰਕੇ ਉਹ ਸਦਾ ਸਤਿਗੁਰੂ ਗੁਰੂ ਵਾਹਿਗੁਰੂ ਦੇ ਸੱਚੇ ਸਰੂਪ ਵਿਖੇ ਹੀ ਸਮਾਏ ਰਹਿੰਦੇ ਹਨ। ਸੱਚੇ ਨਾਮ ਦੀ ਪੂੰਜੀ ਦੇ ਸੱਚੇ ਗਾਹਕ ਹੋਣ ਕਰਕੇ ਉਹ ਸੱਚੀਂ ਰਾਸੀ ਵਾਲੇ ਸਦਾਉਂਦੇ ਹਨ, ਸੱਚਾ ਨਾਮ ਰੂਪੀ ਧਨ ਹੀ ਓਹਨਾਂ ਦੇ ਪਲੇ ਪਿਆ ਰਹਿੰਦਾ ਹੈ। ਇਸ ਕਰਕੇ ਗੁਰੂ ਘਰ ਦੇ ਗੁਰਮੁਖੀ ਦਾੜ੍ਹੀਆਂ ਵਾਲੇ ਗੁਰਮੁਖ ਜਨ ਉਤਮ ਪਦਵੀ ਪਾਉਣ ਵਾਲੇ ਹਨ। ਓਹਨਾਂ ਦੇ ਸਰਵਣਾਂ (ਕੰਨਾ) ਅੰਦਰ ਸੱਚੇ ਨਾਮ ਦੀ ਧੁਨੀ ਹੀ ਖਿਨ ਖਿਨ ਪੈਂਦੀ ਸੁਣਾਈ ਦੇਂਦੀ ਹੈ, ਕਿਉਂਕਿ ਮਨ ਬਚਨ ਕਰਮ ਕਰਕੇ ਓਹਨਾਂ ਦੀ ਸ਼ਰਧਾ, ਅੰਤਰੀਵੀ ਸਿਦਕ ਭਾਵਨੀ ਨਾਮ ਸਿਮਰਨ ਵਿਖੇ ਹੀ ਜੰਮੀ ਰਹਿੰਦੀ ਹੈ। ਇਸ ਕਰਕੇ ਓਹ ਨਾਮ ਜਪਣ ਵਾਲੀ ਹੀ ਸੱਚੀ ਕਾਰ ਕਮਾਉਂਦੇ ਹਨ। ਤਿਨ੍ਹਾਂ ਗੁਰਮੁਖ ਜਨਾਂ ਦਾ ਹੀ ਵਾਹਿਗੁਰੂ ਦੀ ਸੱਚੀ ਦਰਗਾਹ ਵਿਚ ਸਸ਼ੋਭਤ ਹੋਣਾ ਸੋਹੰਦਾ ਹੈ ਅਤੇ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਕੇਵਲ ਤਿਨ੍ਹਾਂ ਗੁਰਮੁਖ ਜਨਾਂ ਦੀ ਹੀ ਸਮਾਈ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸੱਚੇ ਸਤਿਗੁਰੂ ਬਾਝੋਂ ਅਜਿਹਾ ਸੱਚਾ ਨਾਮ ਵਾਹਿਗੁਰੂ ਕਦੇ ਭੀ ਪ੍ਰਾਪਤ ਨਹੀਂ ਹੁੰਦਾ। ਜੋ ਮਨਮੁਖ ਲੋਗ ਗੁਰੂ ਵਾਹਿਗੁਰੂ ਦੇ ਗੁਰਬਾਣੀ ਅੰਦਰ ਵਿਦਤਾਏ ਹੁਕਮਾਂ ਤੋਂ ਮੁਨਹਰਫ਼ (ਮੁਕਰ) ਰਹਿੰਦੇ ਹਨ, ਉਹ ਸਦਾ ਹੀ ਭਰਮ-ਜਾਲ ਵਿਚ ਫਸੇ ਹੋਏ ਭੁਲੇ ਹੀ ਰਹਿੰਦੇ ਹਨ ਅਤੇ ਭਰਮ-ਭੁਲੇ ਹੀ ਚਲੇ ਜਾਂਦੇ ਹਨ।

ਇਹ ਲਿਖਤ ਉਪਰਲੇ ਮੁਢ ਵਿਚ ਦਿਤੇ ਗੁਰ ਸ਼ਬਦ ਦੀ ਤੱਤ ਵਿਆਖਿਆ ਹੈ। ਸਾਰੇ ਸ਼ਬਦ ਦਾ ਭਾਵ ਇਹੋ ਹੀ ਹੈ ਕਿ ਗੁਰਮੁਖੀ ਖੁਲ੍ਹੀਆਂ ਦਾੜ੍ਹੀਆਂ ਵਾਲੇ ਗੁਰਮੁਖਾਂ ਦੀ ਕੀਤੀ ਕਮਾਈ ਹੀ ਸਫ਼ਲ ਹੁੰਦੀ ਹੈ। ਓਹੀ ਲੋਕ ਪਰਲੋਕ ਵਿਚ ਸੁਰਖ਼ਰੂ ਹੋ ਸਕਦੇ ਹਨ।

*ਪੁਸਤਕ 'ਗੁਰਮਤਿ ਵਿਚਾਰ' ਵਿਚੋਂ*

# ਗੁਹਜ ਰਤਨ ਵਾਹਿਗੁਰੂ ਦਾ ਨਾਮ

*(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

ਗੁਰ-ਸ਼ਬਦ ਗੁਰ-ਮੰਤਰ ਦੀ ਖੇਡ ਗੁਰੂ ਘਰ ਅੰਦਰਿ ਬੜੀ ਹੀ ਗੁੱਝੀ ਹੈ। ਗੁਹਜ ਰਤਨ ਵਾਹਿਗੁਰੂ ਦਾ ਨਾਮੁ ਗੁਰਮੁਖ ਜਨ ਗੁੱਝਾ ਹੀ ਆਪਣੇ ਘਟ ਅੰਦਰਿ ਰਖਦੇ ਹਨ। ਅਤੇ ਅੰਦਰੋ ਅੰਦਰਿ ਗੁਪਤ ਗੁਪਤ ਉਸ ਦਾ ਰਸ ਰੰਗ ਮਾਣਦੇ ਹਨ। ਗੁਰੂ ਘਰ ਦੀ ਗੁਝੀ ਖੇਡ ਦੁਆਰਾ ਪਹਿਲਾਂ ਤਾਂ ਗੁਝੇ ਗੁਰਮੁਖ ਲਾਲਾਂ, ਪੰਚ ਪਰਵਾਣ ਪਿਆਰਿਆਂ ਨੂੰ ਪੰਥ ਵਿਚਿ ਟੋਲ ਵਿਰੋਲ ਕੇ ਲੱਭਿਆ ਜਾਂਦਾ ਹੈ। ਫੇਰ ਉਹ ਪੰਜੇ ਗੁਰੂ ਕੇ ਗੁਝੇ ਲਾਲ ਪਿਆਰੇ, ਗੁਰੂ ਕੀ ਜਣਾਈ ਗੁਝੀ ਗੁਰਮਤਿ ਜੁਗਤੀ ਅਨੁਸਾਰ (ਜੋ ਧੁਰ ਸ੍ਰੀ ਦਸਮੇਸ਼ ਦੇ ਸਮੇਂ ਤੋਂ ਸੀਨਾ-ਬਸੀਨਾ ਚਲੀ ਆਉਂਦੀ ਹੈ, ਪੰਥ ਅੰਦਰਿ ਹੀ ਗੁਝੀ ਚਲੀ ਆਉਂਦੀ ਹੈ) ਗੁਰ-ਦੀਖਿਆ ਰੂਪੀ ਅੰਮ੍ਰਿਤ-ਨਾਮ-ਅਧਿਕਾਰੀ ਜਨਾਂ ਦੇ ਹਿਰਦਿਆਂ/ਘਟਾਂ ਅੰਦਰ ਪਰਵੇਸ਼ ਕਰਦੇ ਹਨ। ਇਹ ਗੁਰ-ਪਰਵੇਸ਼ਿਆ ਘਟੰਤਰੀ ਅੰਮ੍ਰਿਤ ਨਾਮ ਜੋਤਿ-ਜਗੰਨਾ ਹੀਰਾ ਰਤਨ ਹੋ ਕੇ, ਗੁਹਜ ਗੁਪਤੀ ਖੇਡ ਵਿਚ ਹਿਰਦੇ ਅੰਦਰਿ ਪ੍ਰਕਾਸ਼ਤ ਹੋ ਜਾਂਦਾ ਹੈ, ਕਈਆਂ ਵਡਭਾਗੀਆਂ ਪੂਰਬ ਲਿਖਤ ਅੰਕੁਰੀ ਉਚ ਕਰਮੱਗੀਆਂ ਦੇ ਹਿਰਦੇ ਅੰਦਰ ਅੰਮ੍ਰਿਤ ਛਕਣ ਸਮੇਂ ਹੀ ਗੁਰ-ਦੀਖਿਆ ਮਿਲਣ ਸਾਰ ਜਗਮਗਾ ਪੈਂਦਾ ਹੈ। ਇਹ ਜਗਮਗੀ ਝਾਲ ਓਹਨਾਂ ਤੋਂ ਝੱਲੀ ਨਹੀਂ ਜਾਂਦੀ, ਓਹ ਲੋਟ-ਪੋਟ ਹੋ ਜਾਂਦੇ ਹਨ। ਗੁਰੂ ਸਰੂਪ ਪੰਜ ਪਿਆਰੇ ਹੀ ਇਹ ਝਾਲ ਝੱਲਦੇ ਅਜਰ ਜਰਾਉਂਦੇ ਹਨ। ਕਈਆਂ ਨੂੰ ਤੱਤ-ਫੜੱਤੀ ਜੋਤਿ ਜਗੰਤਰੀ ਪ੍ਰਗਾਸਤਾ ਨਹੀਂ ਹੁੰਦੀ, ਪਰ ਨਾਮ ਅਭਿਆਸ ਦਾ ਤੋਰਾ ਤੁਰ ਪੈਂਦਾ ਹੈ। ਰਸ ਰੁਮਕੀ ਸਾਂਗ ਭੀ ਉਹਨਾਂ ਦੇ ਹਿਰਦੇ ਅੰਦਰਿ ਫਿਰ ਜਾਂਦੀ ਹੈ। ਇਹ ਰਸ ਰੁਮਕੀ ਸਾਂਗ, ਨਾਮ ਦ੍ਰਿੜਤਾ ਦੀ ਨੀਸ਼ਾਨੀ ਹੁੰਦੀ ਹੈ। ਇਸ ਦੇ ਆਸਰੇ ਉਭਾਰ ਕਰ ਕੇ ਓਹ ਨਾਮ ਅਭਿਆਸ ਕਮਾਈਆਂ ਵਿਚੋਂ ਲੱਕ ਬੰਨ੍ਹ ਕੇ ਜੁਟ ਪੈਂਦੇ ਹਨ। ਅਤੇ ਨਦਰ-ਕਰੋਮੀ ਸਾਰੇ ਸੰਜੋਗਾਂ ਦੇ ਅੰਕੁਰਤ ਹੋ ਜਾਣ ਪਰ, ਰਤਨ ਨਾਮ ਦੀ ਜੋਤਿ ਓਹਨਾਂ ਦੇ ਹਿਰਦੇ ਅੰਦਰ ਅਚਿੰਤੇ ਹੀ ਜਗ ਪੈਂਦੀ ਹੈ। ਸੱਚੜੇ ਸੁਹਾਗ ਭਾਗ ਦੇ ਪ੍ਰਾਪਤ ਹੋਣ ਦਾ ਇਹ ਪ੍ਰਿਥਮ ਝਲਕਾ ਪਹਿਲ-ਪਲੱਠੀ ਦਾ ਜਲਵਾ ਹੁੰਦਾ ਹੈ। ਇਉਂ ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ 'ਲਖਾਵਣਿਆ' ਵਾਲੀ ਗੁਰਮਤਿ ਜੁਗਤੀ ਦਾ ਬਣਾਉ ਬਣਦਾ ਹੈ।

ਜੋ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਹੋਰ ਕਿਸੇ ਭੀ ਕਰਮ ਕਾਂਡ ਕਰਕੇ ਵਡੇ ਤਾਂ ਵਡੇ ਖ਼ੁਦਸਰੀ ਮਤਸਰੀ ਕਰਮ-ਕਾਂਡੀ ਤੋਂ ਨਹੀਂ ਲਖਿਆ ਜਾ ਸਕਦਾ, ਓਸ ਨੂੰ ਗੁਰ ਕੇ ਸ਼ਬਦ ਗੁਰ-ਮੰਤਰ ਦੀ ਦੀਖਿਆ ਦੁਆਰਾ ਸਹਜੇ ਹੀ ਲਖਿਆ ਜਾ ਸਕਦਾ ਹੈ। ਅਜਿਹੀ ਗੁਰੂ ਦੀਖਿਆ ਗੁਰ-ਮੰਤਰੀ ਅੰਮ੍ਰਿਤ-ਨਾਮ ਨੂੰ ਜਿਨ੍ਹਾਂ ਨੇ ਇਸ ਕਲਜੁਗ ਅੰਦਰਿ ਲਖ ਕੇ ਅਤੇ ਪੰਜ ਪਿਆਰਿਆਂ ਦੀ ਜੁੜਨੀ ਵਿਚ ਜੁੜ ਕੇ ਹੋਰਨਾਂ ਨੂੰ ਭੀ ਸੁਣਾਇਆ ਦੀਖਸ਼ਾਇਆ ਹੈ, ਤਿਨ੍ਹਾਂ ਵਿਟਹੁੰ ਸ੍ਰੀ ਗੁਰੂ ਨਾਨਕ ਪੰਚਮੇਸ਼ ਵਾਰਨੇ ਬਲਿਹਾਰਨੇ ਜਾਂਦੇ ਹਨ। ਐਸੇ ਸੰਤ ਪਿਆਰੇ, ਜੋ ਸੱਚੇ ਵਾਹਿਗੁਰੂ ਦੀ ਨਦਰ-ਕਰੰਮੀ ਮੇਹਰ ਦੁਆਰਾ ਚੀਨੇ, ਚੁਣੇ, ਪਰਵਾਨੇ, ਪਰਧਾਨੋ (ਧਾਰੇ) ਗਏ ਹਨ, ਤਿਨ੍ਹਾਂ ਦਾ ਦਰਸ਼ਨ ਵਡਭਾਗੀਂ ਹੀ ਮਿਲਦਾ ਹੈ। ਅਜਿਹੇ ਪੰਜ ਪਿਆਰਿਆਂ ਗੁਰੂ ਸੰਵਾਰਿਆਂ ਦੇ ਦਰਸ਼ਨ ਪਾਉਣਹਾਰੇ ਵਡਭਾਗੀਆਂ ਵਿਟਹੁੰ ਭੀ ਗੁਰੂ ਸਾਹਿਬ ਕੁਰਬਾਨ ਹੁੰਦੇ ਹਨ-

***ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ॥ ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ॥੧॥ਰਹਾਉ॥੩੫॥ ਅੰਗ - ੧੩●***

# ਗੁਰੂ ਅਰਜਨ ਸਾਹਿਬ ਦਾ ਜੀਵਨ-ਸਿਧਾਂਤ

*[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ]*

ਗੁਰੂ ਅਰਜਨ ਸਾਹਿਬ ਇਕ ਅਨੁਭਵੀ ਕਲਾਵਾਨ, ਪਵਿੱਤਰਤਾ ਦੇ ਸੋਮੇ, ਉਚਤਮ ਸਾਹਿਤਕ-ਪ੍ਰਤਿਭਾ ਵਾਲੇ ਅਰਸ਼ੀ ਲਿਖਾਰੀ, ਮਹਾਨ ਉਸਰਈਏ, ਲਾਸਾਨੀ ਵਿਉਂਤਕਾਰ, ਗੰਭੀਰ ਚਿੰਤਕ, ਸੰਤ, ਕਲਾਕਾਰ, ਸੰਗੀਤ ਪ੍ਰੇਮੀ, ਕਾਵਿ-ਰਚਨਾ ਦੇ ਸਮੇਂ ਕੋਮਲ ਕਲਾਵਾਂ ਦੇ ਸਮਰੱਥਕ, ਭਾਸ਼ਾ-ਵਿਗਿਆਨੀ, ਅਤਿ ਨਿਮਰਤਾ ਵਾਲੇ ਮਹਾਨ ਵਿਅਕਤੀ ਤੇ ਬਹੁਪੱਖੀ ਗਿਆਨ ਦੇ ਭੰਡਾਰ, ਪਾਰਖੂ ਅਤੇ ਵਿਦਵਾਨ ਸਨ। ਅਕਾਲ ਪੁਰਖ ਦੀ ਅਗੰਮੀ ਜੋਤੀ ਸਦੀਵ ਕਾਲ ਉਨ੍ਹਾਂ ਦੇ ਅੰਦਰ ਲੱਟ-ਲੱਟ ਪ੍ਰਕਾਸ਼ਮਾਨ ਹੋਣ ਕਾਰਨ, ਸੰਸਾਰ ਭਰ ਦੇ ਗੁਣਾਂ ਦੇ ਉਹ ਸਮੂਹ ਸਨ। ਰਾਗ ਰਾਗਣੀਆਂ, ਕਾਵਿ, ਦੇਸ਼ ਦੀਆਂ ਭਾਸ਼ਾਵਾਂ ਅਤੇ ਸੁਘੜਤਾ ਸੁਜਾਨਤਾ ਉਨ੍ਹਾਂ ਦੇ ਚਰਨਾਂ ਦੀਆਂ ਦਾਸੀਆਂ ਸਨ।

ਉਨ੍ਹਾਂ ਦੇ ਸੰਪਰਕ ਵਿਚ ਆਏ ਵਿਅਕਤੀ ਨਾ-ਕੇਵਲ ਆਤਮਕ ਤੌਰ ਤੇ ਹੀ ਅਮੀਰ ਹੋ ਜਾਂਦੇ ਸਨ, ਸਗੋਂ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਅਮਿਟ ਛਾਪ ਉਨ੍ਹਾਂ ਦੇ ਮਨਾਂ ਉੱਤੇ ਸਦਾ ਲਈ ਰਹਿ ਜਾਂਦੀ ਸੀ।

ਉਹ ਲੋਕਾਂ ਵਿਚ ਸਤਿਕਾਰੇ ਜਾਂਦੇ ਸਨ, ਲੋਕ ਉਨ੍ਹਾਂ ਨੂੰ ਪਿਆਰ ਕਰਦੇ ਸਨ। ਉਹ ਸਿੱਖਾਂ ਦੇ ਸੱਚੇ ਗੁਰੂ ਹੋਣ ਤੋਂ ਛੁੱਟ ਇੱਕ ਪਵਿੱਤਰ ਆਤਮਾ ਵਾਲੇ ਬ੍ਰਹਮਗਿਆਨੀ ਸਨ, ਜਿਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਲਈ ਲੋਕ ਤਾਂਘਦੇ ਸਨ। ਉਨ੍ਹਾਂ ਦੀ ਮਿੱਠੀ ਜਿਹੀ ਤੱਕਣੀ ਜੀਵਨ ਤੋਂ ਟੁੱਟੇ ਹੋਏ ਮਨੁੱਖਾਂ ਨੂੰ ਜ਼ਿੰਦਗੀ ਦੇ ਰਾਣੇ ਬਣਾ ਦਿੰਦੀ ਸੀ। ਦਿਲਾਂ ਨੂੰ ਮੋਹ ਲੈਣ ਵਾਲੀ ਨੂਰਾਨੀ ਸ਼ਖ਼ਸੀਅਤ ਆਪ ਨੂੰ ਵਿਰਸੇ ਵਿਚ ਮਿਲੀ ਸੀ। ਉਨ੍ਹਾਂ ਦੇ ਆਲੇ-ਦੁਆਲੇ ਕਣ-ਕਣ ਵਿਚ ਪਿਆਰ, ਸੁਹਿਰਦਤਾ ਤੇ ਹਮਦਰਦੀ ਖਿਲਰੀ ਪਈ ਸੀ, ਜਿਸ ਤੋਂ ਸਰਸ਼ਾਰ ਹੋ ਕੇ ਲੋਕ ਸਦਾ ਅਨੰਦ ਦੀ ਮਸਤੀ ਵਿਚ ਖੀਵੇ ਹੋਏ ਰਹਿੰਦੇ ਸਨ। ਉਹ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੇ ਹੋਏ, ਸਭ ਹਿਰਦਿਆਂ ਵਿਚ ਉਸੇ ਦਾ ਨਿਵਾਸ ਮੰਨਦੇ ਸਨ। ਸਾਰਾ ਸੰਸਾਰ ਉਨ੍ਹਾਂ ਵਾਸਤੇ ਅਕਾਲ ਪੁਰਖ ਦਾ ਜ਼ਹੂਰ ਸੀ। ਉਹ ਵਾਹਿਗੁਰੂ ਦੀ ਹੋਂਦ ਤੇ ਆਭਾ ਤੋਂ ਇਤਨੇ ਪ੍ਰਭਾਵਤ ਸਨ ਕਿ ਉਨ੍ਹਾਂ ਨੂੰ ਕੋਈ ਵੈਰੀ ਜਾਂ ਬਿਗਾਨਾ ਨਹੀਂ ਸੀ ਜਾਪਦਾ। ਉਹ ਜੋ ਕੁਝ ਕਾਦਰ ਦੀ ਕੁਦਰਤ ਵਿਚੋਂ ਅਨੁਭਵ ਕਰਦੇ ਸਨ, ਉਸੇ ਦਾ ਬਿਆਨ ਆਪਣੀ ਬਾਣੀ ਵਿਚ ਕਰਦੇ ਸਨ। ਉਨ੍ਹਾਂ ਨੂੰ ਪ੍ਰਕਿਰਤੀ ਦੀ ਹਰ ਸ਼ੈ ਵਿਚੋਂ ਅਕਾਲ ਪੁਰਖ ਦਾ ਜਲਵਾ ਨਜ਼ਰ ਆਉਂਦਾ ਸੀ। ਸਾਰਾ ਬ੍ਰਹਿਮੰਡ ਉਸ ਵਾਹਿਗੁਰੂ ਦੀ ਹੋਂਦ ਦਾ ਪ੍ਰਤੀਕ ਜਾਪਦਾ ਸੀ। ਸਮੁੱਚਾ ਸੰਸਾਰ ਉਨ੍ਹਾਂ ਦੀਆਂ ਨਜ਼ਰਾਂ ਵਿਚ ਦੈਵੀ-ਅਸਤਿਤਵ ਰੱਖਦਾ ਸੀ।

ਗੁਰੂ ਸਾਹਿਬ ਦੀ ਰਚਨਾ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਕਵਿਤਾ ਉਨ੍ਹਾਂ ਦੇ ਅੰਦਰੋਂ ਚਸ਼ਮੇ ਦੇ ਪਾਣੀ ਵਾਂਗ ਫੁੱਟਦੀ ਸੀ। ਉਨ੍ਹਾਂ ਦੀ ਸੋਚਣੀ ਸਾਫ ਤੇ ਕਹਿਣ-ਢੰਗ ਬੜਾ ਪ੍ਰਭਾਵਸ਼ਾਲੀ ਹੈ। ਉਨ੍ਹਾਂ ਦੀਆਂ ਕਈ ਤੱਥਾਂ ਵਿਚ ਸਮੁੱਚੇ ਤੌਰ ਤੇ ਉਹ ਵਿਦਵਤਾ ਭਰੀ ਹੋਈ ਹੈ ਜੋ ਕਈ ਲੇਖਕ ਆਪਣੀ ਸਮੁੱਚੀ ਰਚਨਾ ਵਿਚ ਵੀ ਨਹੀਂ ਦੇ ਸਕੇ। ਉਨ੍ਹਾਂ ਦੇ ਦਿਲ ਵਿਚੋਂ ਨਿਕਲੇ ਹੋਏ ਸ਼ਬਦਾਂ ਵਿਚ ਉਹ ਸ਼ਕਤੀ ਹੈ ਜੋ ਭਾਵਾਂ ਦੇ ਵਿਸ਼ਵਾਸ ਦੀ ਗੰਭੀਰਤਾ ਵਿਚੋਂ ਨਿਕਲਦੀ ਹੈ। ਉਨ੍ਹਾਂ ਦੀ ਰਚਨਾ ਵਿਚੋਂ ਨਿਸਚੇ ਹੀ ਪ੍ਰਕਾਸ਼-ਮਈ ਸੁਹਿਰਦਤਾ ਵਾਲੇ ਪ੍ਰਭਾਵਸ਼ਾਲੀ ਅਣਮੁੱਲੇ ਨਮੂਨੇ ਨਿਕਲਦੇ ਹਨ, ਜੋ ਉਨ੍ਹਾਂ ਦੀ ਉਚ ਆਤਮ-ਅਵਸਥਾ, ਈਮਾਨਦਾਰੀ ਤੇ ਨਿਡਰਤਾ ਦਾ ਪਤਾ ਦਿੰਦੇ ਹਨ। ਗੁਰੂ ਸਾਹਿਬ ਦੀਆਂ ਦਲੀਲਾਂ ਪ੍ਰੇਰਨਾ-ਜਨਕ ਹੁੰਦੀਆਂ ਹਨ ਤੇ ਧੁਰ ਅੰਦਰਲੇ ਨੂੰ ਪ੍ਰਭਾਵਤ ਕਰਦੀਆਂ ਹਨ। ਉਨ੍ਹਾਂ ਦੀ ਸ਼ੈਲੀ ਤੇ ਸ਼ਬਦਾਵਲੀ ਜਾਦੂ ਦਾ ਅਸਰ ਰੱਖਦੀ ਹੈ, ਜਿਨ੍ਹਾਂ ਰਾਹੀਂ ਉਹ ਸਿੱਖੀ ਦੇ ਮੁਢਲੇ ਸੰਕਲਪ, ਬੜੀ ਸਰਲਤਾ ਤੇ ਸੁਚੱਜਤਾ ਨਾਲ ਵਰਨਣ ਕਰਦੇ ਹਨ, ਪਰ ਅਤਿ ਰਸਦਾਇਕ ਬੋਲਾਂ ਵਿਚ। ਉਨ੍ਹਾਂ ਦੀ ਰਚਨਾ ਵਿਚੋਂ ਮੌਲਿਕਤਾ, ਅਧਿਆਤਮਕ ਡੂੰਘਾਈ, ਨੈਤਿਕ-ਦਲੇਰੀ ਉਮੜ-ਉਮੜ ਪੈਂਦੀ ਹੈ। ਉਹ ਸਚਿਆਈ ਦਾ ਅੰਤਰੀਵ ਭਾਵ ਬੜੀ ਉਤਮਤਾ ਨਾਲ ਨਿਖਾਰਦੇ ਹਨ ਤੇ ਮਨੁੱਖੀ ਮਨ ਦੀ ਦਵੰਦਤਾ ਨੂੰ ਸਾਫ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਤਿਗੁਰਾਂ

ਦੇ ਕੀਤੇ ਮਾਪ-ਦੰਡ ਦੇ ਅਸੂਲ ਅਤੇ ਉਹਨਾਂ ਵਲੋਂ ਵਿਖਾਇਆ ਗਿਆ ਪਵਿੱਤਰ ਰਸਤਾ ਤਾਂ ਹੀ ਸੁਰਜੀਤ ਰਹਿ ਸਕਦਾ ਹੈ ਜੇਕਰ ਆਮ ਲੋਕ ਉਹਨਾਂ ਦੇ ਭਾਵ, ਹਿਰਦੇ ਅੰਦਰ ਵਸਾ ਸਕਣ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਕੇਵਲ ਸਿੱਖਾਂ ਲਈ ਹੀ ਨਹੀਂ ਸੀ, ਸਗੋਂ ਸਮੁੱਚੀ ਮਨੁੱਖਤਾ ਲਈ ਭੀ ਹੈ। ਗੁਰੂ ਸਾਹਿਬਾਨ ਨੇ ਕੋਈ ਸੰਕੀਰਨ ਫ਼ਿਲਾਸਫ਼ੀ ਲੋਕਾਂ ਤੇ ਨਹੀਂ ਠੋਸੀ, ਸਗੋਂ ਸਰਬ ਮਨੁੱਖਤਾ ਲਈ ਸਦਾ ਸੱਚ ਰਹਿਣ ਵਾਲੇ ਸਿਧਾਂਤ ਕਾਇਮ ਕੀਤੇ, ਤਾਂਕਿ ਇਨ੍ਹਾਂ ਤੋਂ ਸਭ ਧਰਮਾਂ ਦੇ ਅਨੁਆਈ ਲਾਭ ਪ੍ਰਾਪਤ ਕਰ ਸਕਣ। ਇਸੇ ਲਈ ਉਨ੍ਹਾਂ ਨੇ ਸਿੱਖ ਫ਼ਲਸਫ਼ਾ ਆਮ ਸਧਾਰਨ ਬੋਲੀ ਵਿਚ ਵਿਆਖਿਆ ਅਤੇ ਇਸ ਵਿਚ ਦਿਸਦੀ ਦੁਨੀਆ ਦੀਆਂ ਕਦਰਾਂ-ਕੀਮਤਾਂ ਉਤੇ ਜ਼ੋਰ ਦਿੱਤਾ। ਉਨ੍ਹਾਂ ਦੀ ਲਿਖਤ ਵਿਚੋਂ ਸੱਚ, ਪਿਆਰ ਤੋਂ ਫ਼ਰਜ਼-ਸ਼ਨਾਸੀ ਵਰਗੇ ਦੈਵੀ ਗੁਣ ਝਲਕਾਂ ਮਾਰਦੇ ਹਨ ਤੇ ਸਧਾਰਨ ਗੱਲਾਂ ਵਿਚੋਂ ਵੀ ਡੂੰਘੀ ਫਿਲਾਸਫ਼ੀ ਝਰ ਝਰ ਪੈਂਦੀ ਹੈ। ਉਨ੍ਹਾਂ ਦੇ ਵਿਚਾਰ ਦੈਵੀ-ਪ੍ਰੇਮ ਤੇ ਮਨੁੱਖੀ-ਹਮਦਰਦੀ ਨਾਲ ਓਤ-ਪੋਤ ਹਨ। ਸ਼ਬਦਾਂ ਵਿਚ ਮਿੱਠਾ ਮਿੱਠਾ ਸੰਗੀਤ ਮਨੁਖੀ ਮਨ ਅੰਦਰ ਸਿੰਜਰਦਾ ਜਾਂਦਾ ਹੈ। ਚਿੰਨ੍ਹ-ਚਿਤਰਾਂ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੇ ਉਹ ਧਨੀ ਸਨ ਅਤੇ ਮੁਸ਼ਕਿਲ ਤੇ ਕਠਿਨ ਵਿਚਾਰ ਵੀ ਇਤਨੀ ਸਫਲਤਾ ਨਾਲ ਪੇਸ਼ ਕੀਤੇ ਹਨ ਕਿ ਸਾਧਾਰਨ ਬੁੱਧੀ ਵਾਲੇ ਮਨੁੱਖਾਂ ਨੂੰ ਵੀ ਸਮਝਣ ਵਿਚ ਕੋਈ ਔਕੜ ਨਹੀਂ ਆਉਂਦੀ, ਕਿਉਂਕਿ ਚਿੰਨ੍ਹ ਤੇ ਚਿੱਤਰ ਆਮ ਰੋਜ਼ ਦੇ ਜੀਵਨ ਵਿਚੋਂ ਲਏ ਗਏ ਹਨ।

ਉਨ੍ਹਾਂ ਦੇ ਗੀਤਾਂ ਵਰਗੇ ਮਿੱਠੇ ਸ਼ਬਦਾਂ ਦਾ ਅਸਰ ਬੜਾ ਪ੍ਰਭਾਵਸ਼ਾਲੀ ਹੈ। ਇਨ੍ਹਾਂ ਉਤੇ ਸਾਹਿਤਕ ਚਾਸ਼ਣੀ ਹੋਣ ਕਰਕੇ ਰੂਹ ਨੂੰ ਤ੍ਰਿਪਤਾਉਣ ਦੀ ਸ਼ਕਤੀ ਹੈ। ਘਰੋਗੀ ਉਪਮਾਵਾਂ ਵਰਤ ਕੇ ਬਾਣੀ ਨੂੰ ਆਮ ਲੋਕਾਂ ਦੇ ਸਮਝਣ-ਯੋਗ ਬਣਾ ਦਿੱਤਾ ਗਿਆ ਹੈ। ਸਰਲਤਾ ਇਤਨੀ ਹੈ ਕਿ ਹਿਰਦੇ ਅੰਦਰ ਧੂਹ ਪਾਉਂਦੀ ਜਾਂਦੀ ਹੈ। ਕਵਿਤਾ ਉਹ ਹੀ ਪ੍ਰਭਾਵਸ਼ਾਲੀ ਅਤੇ ਗੁਣਕਾਰੀ ਹੈ ਜੋ ਮਨੁੱਖ ਦੇ ਮਨ ਨੂੰ ਤ੍ਰਿਪਤਾਉਂਦੀ ਹੈ।

ਉਹ ਸਿੱਖੀ ਸਿਧਾਂਤਾਂ ਨੂੰ ਅਨੂਠੇ ਢੰਗ ਨਾਲ ਪ੍ਰਚਾਰਦੇ ਹਨ ਤੇ ਉਨ੍ਹਾਂ ਨੇ ਗੁਰੂ ਨਾਨਕ ਮਾਰਗ ਤੇ ਚਲਦਿਆਂ ਉਹ ਹੀ ਪੈੜਾਂ ਪਾਈਆਂ, ਜਿਹੜੀਆਂ ਗੁਰੂ ਨਾਨਕ ਸਾਹਿਬ ਕਾਇਮ ਕਰ ਗਏ ਸਨ।

ਉਨ੍ਹਾਂ ਦੀ ਬਿਜਲਈ ਲਿਸ਼ਕ ਵਾਲੀ ਬੌਧਿਕਤਾ ’ਤੇ ਗਤੀਸ਼ੀਲ ਯੋਗਤਾ, ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਕਾਰਨ ਸਿੱਖ ਕੌਮ ਦਾ ਸਤਿਕਾਰ ਹੋਰ ਵਧਿਆ। ਉਨ੍ਹਾਂ ਨੇ ਅਧਿਆਤਮਕ ਵਿਸ਼ਿਆਂ ਦਾ ਵਿਸ਼ਲੇਸ਼ਣ ਆਪਣੀ ਬਾਣੀ ਵਿਚ ਇਸ ਯੋਗਤਾ ਨਾਲ ਕੀਤਾ ਕਿ ਅਕਾਲ ਪੁਰਖ ਵਿਚ ਸ਼ਰਧਾ ਤੇ ਵਿਸ਼ਵਾਸ ਆਪਣੇ ਆਪ ਵੱਧਦਾ ਚਲਾ ਜਾਂਦਾ ਹੈ। ਉਨ੍ਹਾਂ ਨੇ ਮਨੁੱਖੀ ਮਨ ਨੂੰ ਅਕਾਲ ਪੁਰਖ ਵਲ ਮੋੜਨ ਲਈ ਬਾਰ ਬਾਰ ਪ੍ਰੇਰਨਾ ਕੀਤੀ ਹੈ। ਉਨ੍ਹਾਂ ਇਸ ਤੱਥ ਨੂੰ ਉਜਾਗਰ ਕੀਤਾ ਕਿ ਮਨੁੱਖਤਾ ਦੀ ਸੱਚੀ-ਸੇਵਾ, ਲੋਕਾਂ ਦੀ ਡਿੱਗੀ ਹੋਈ ਆਤਮਾ ਨੂੰ ਉਚਾ ਚੁੱਕਣ ਵਿਚ ਹੀ ਹੈ।

ਉਨ੍ਹਾਂ ਨੇ ਮਨੁੱਖ ਮਾਤਰ ਦੇ ਭਲੇ ਲਈ, ਸੰਸਾਰ ਸਾਗਰ ਤੋਂ ਪਾਰ ਉਤਰਨ ਲਈ, ਅਗਾਧ ਬੋਧ ਬਾਣੀ ਦਾ ਇੰਨਾ ਮਹਾਨ ਕਾਰਜ ਕਰ ਵਿਖਾਇਆ, ਜਿਸ ਦੇ ਸਾਹਮਣੇ ਦੁਨੀਆ ਭਰ ਦੇ ਵਿਦਵਾਨਾਂ ਅਤੇ ਮਹਾਂ ਪੁਰਸ਼ਾਂ ਦੇ ਸਿਰ ਝੁਕ ਜਾਂਦੇ ਹਨ। ਪਰ ਇੰਨਾ ਅਮੋਲਕ ਤੋਂ ਵਿਸ਼ਾਲ ਭੰਡਾਰ ਕਮਾਲ ਦੀ ਵਿਉਂਤ ਨਾਲ ਇਕੱਤ੍ਰ ਕਰ ਕੇ, ਰਚਨਾ ਦੀ ਸੰਪੂਰਨਤਾ ਹੋਣ ਤੇ ਸ਼ੁਕਰਾਨੇ ਵਜੋਂ ਪ੍ਰਭੂ ਚਰਨਾਂ ਵਿਚ ਜੋ ਇਹ ਜੋਦੜੀ ਕੀਤੀ ਹੈ ਕਿ ਹੇ ਪ੍ਰਭੂ! ਤੇਰੇ ਕੀਤੇ ਇਸ ਉਪਕਾਰ ਨੂੰ ਮੈਂ ਨਹੀਂ ਜਾਤਾ, ਮੈਂ ਨਿਰਗੁਣ ਵਿਚ ਕੋਈ ਗੁਣ ਨਹੀਂ ਸੀ, ਤੈਨੂੰ ਆਪੇ ਮੇਰੇ ਤੇ ਤਰਸ ਆਇਆ ਤੇ ਮੈਨੂੰ ਇਸ ਕਾਰਜ ਦੇ ਕਰਨ ਯੋਗ ਬਣਾਇਆ, ਇਸ ਜੋਦੜੀ ਵਿਚ ਇੰਨੀ ਗਰੀਬੀ ਅਤੇ ਇੰਨੀ ਨਿਮਰਤਾ ਹੈ ਤੇ ਹਉਮੈ ਦਾ ਤਿਆਗ ਹੈ, ਜੋ ਸ਼ਾਇਦ ਦੁਨੀਆਂ ਭਰ ਦੇ ਸਾਹਿੱਤ ਵਿਚ ਕਿਤੋਂ ਨਾ ਲਭ ਸਕੇ। ਆਪ ਦੇ ਬਚਨ ਹਨ –

***ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥***
***ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥***

ਅਤੇ ਜਦੋਂ ਤਰਸ ਪੈ ਗਿਆ ਤੇ ਮਿਹਰ ਦੀ ਦ੍ਰਿਸ਼ਟੀ ਹੋ ਗਈ, ਤਾਂ –

***ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥***
***ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥***

ਸਤਿਗੁਰੂ ਜੀ ਦੀ ਇਸ ਜੋਦੜੀ ਦੇ ਸਾਹਮਣੇ ਅਸੀਂ ਆਪਣੇ ਅੰਦਰ ਝਾਤੀ ਮਾਰ ਵੇਖੀਏ, ਜੋ ਸਾਹਿੱਤ-ਰਚਨਾ ਦਾ ਤੁੱਛ ਮਾਤਰ ਕਾਰਜ ਕਰ ਕੇ ਆਪਣੀ ਹਉਂ ਵਿਚ ਮਿਉਂਦੇ ਨਹੀਂ ਅਤੇ ਆਪਣੀ ਉਸਤਤਿ ਦੇ ਪੁਲ ਬੰਨ੍ਹਦੇ ਹਾਂ।

ਪੰਚਮ ਪਾਤਸ਼ਾਹ ਦੀ ਬਾਣੀ ਵਿਚ ਵਿਚਾਰੇ ਗਏ ਵਿਸ਼ਿਆਂ ਵਿਚੋਂ ਕੁਝ ਅਤਿ ਮਹੱਤਵ-ਪੂਰਨ ਹੇਠ ਲਿਖੇ

੧. ਅਕਾਲ ਪੁਰਖ ਕੀ ਹੈ?

੨. ਮਨੁੱਖੀ ਹੋਂਦ ਦਾ ਮੰਤਵ ਕੀ ਹੈ?

੩. ਆਪਣੇ ਅਸਲੇ ਦੀ ਪਛਾਣ ਤੇ ਅਕਾਲ ਪੁਰਖ ਦੀ ਪ੍ਰਾਪਤੀ ਅਤੇ ਉਸ ਨਾਲ ਇੱਕ ਮਿੱਕ ਹੋਣਾ।

੪. ਮਾਇਆ ਤੇ ਨਾਮ।

੫. ਨਾਮ ਜਪਣ ਨਾਲ ਮੁਕਤੀ।

੬. ਕੀ ਸੰਸਾਰ ਇਕ ਧੋਖਾ/ਛਲ ਹੈ ਜਾਂ ਅਸਲੀਅਤ?

੭. ਕਰਮ ਫ਼ਿਲਾਸਫ਼ੀ ਤੇ ਕਿਰਪਾ-ਫਿਲਾਸਫ਼ੀ।

ਉਨ੍ਹਾਂ ਦਾ ਕਹਿਣਾ ਹੈ ਕਿ ਪਰਮਾਤਮਾ ਨਾਲ ਅਭੇਦ ਹੋਣ ਤੇ ਜੋ ਖੁਸ਼ੀ ਹੁੰਦੀ ਹੈ ਉਹ ਸਾਰੇ ਸੰਸਾਰੀ-ਸੁੱਖਾਂ ਦੀ ਪ੍ਰਾਪਤੀ ਨਾਲ ਨਹੀਂ ਹੁੰਦੀ। ਅਸਲੀ ਸੁੱਖ ਤਾਂ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਅਤੇ ਅੰਦਰੋਂ ਹਉਮੈ ਮਾਰ ਮੁਕਾਉਣ ਵਿੱਚ ਹੈ। ਉਨ੍ਹਾਂ ਦਾ ਕਥਨ ਹੈ -

*ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ॥*
*ਜਨ ਨਾਨਕ ਹਉਮੈ ਮਾਰਿ ਸਮਾਇਆ॥੪॥*
*ਇਨਿ ਬਿਧਿ ਕੁਸਲ ਹੋਤ ਮੇਰੇ ਭਾਈ॥*
*ਇਉ ਪਾਈਐ ਹਰਿ ਰਾਮ ਸਹਾਈ॥ ਅੰਗ - ੧੭੬*

ਇਹ ਉਹ ਖੁਸ਼ੀ ਹੈ ਜੋ ਸੰਸਾਰਕ ਭੋਗਾਂ ਤੇ ਪਦਾਰਥਾਂ ਦੀ ਪ੍ਰਾਪਤੀ ਨਾਲ ਨਹੀਂ ਮਿਲ ਸਕਦੀ। ਜੇਕਰ ਇਸ ਯੁੱਗ ਵਿਚ ਵਿਗਿਆਨ ਦੀ ਉਨਤੀ ਇਹ ਮਿਲ ਸਕਦੀ ਹੁੰਦੀ ਤਾਂ ਅਮੀਰ ਆਦਮੀ ਕਦੇ ਦੁਖੀ ਨਾ ਹੁੰਦਾ। ਅੱਜ ਤਰੱਕੀ ਨਾਲ ਮਨੁੱਖ ਵਾਸਤੇ ਸਭ ਸੁਖਾਂ ਦੇ ਸਾਧਨ ਉਪਲਭਧ ਕੀਤੇ ਜਾ ਸਕਦੇ ਹਨ। ਪਰ ਇਹ ਖੁਸ਼ੀ ਤਾਂ ਮਾਨਸਿਕ-ਪ੍ਰਸੰਨਤਾ ਹੈ, ਜੋ ਭੋਗਾਂ, ਪਦਾਰਥਾਂ, ਮਾਇਆ ਦੇ ਐਸ਼ਵਰਜ ਨਾਲ ਹਾਸਲ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬ ਜਗਿਆਸੂ ਨੂੰ ਸਾਵਧਾਨ ਕਰਦੇ ਹੋਏ ਕਹਿੰਦੇ ਹਨ -

*ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ॥*

ਅਤੇ

*ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ॥੩॥੯੨॥*

ਉਨ੍ਹਾਂ ਦਾ ਫੁਰਮਾਨ ਹੈ ਕਿ ਮਨੁੱਖਾ ਜਨਮ ਦਾ ਲਾਹਾ ਇਹ ਹੀ ਹੈ ਕਿ ਮਨੁੱਖ ਨਾਮ-ਸਿਮਰਨ ਵਿਚ ਲੱਗੇ -

*ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥*
*ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥੪॥੨੩॥੯੨॥ ਅੰਗ - ੫੦*

ਮਨੁੱਖੀ ਕਦਰਾਂ-ਕੀਮਤਾਂ ਦਾ ਸੰਬੰਧ ਜਦ ਤੱਕ ਅਕਾਲ ਪੁਰਖ ਨਾਲ ਨਾ ਜੋੜਾਂਗੇ, ਅਸੀਂ ਆਪਣਾ ਨਿਸ਼ਾਨਾ ਪ੍ਰਾਪਤ ਨਹੀਂ ਕਰ ਸਕਾਂਗੇ। ਮਨੁਖੀ ਭਰਾਤਰੀ-ਭਾਵ, ਪ੍ਰੇਮ, ਦਾਨ-ਪੁੰਨ, ਸਾਧ-ਸੰਗਤ ਤੇ ਹਮਦਰਦੀ ਆਦਿ ਸ਼ੁਭ ਗੁਣ ਵੀ ਅਕਾਲ ਪੁਰਖ ਦੇ ਪਿਆਰ ਵਿਚੋਂ ਹੀ ਉਪਜਦੇ ਹਨ, ਨਹੀਂ ਤਾਂ ਮਨੁੱਖ-ਮਨੁੱਖ ਦਾ ਵੈਰੀ ਹੋ ਸਕਦਾ ਹੈ। ਲੋੜ ਹੈ ਆਪਣੀਆਂ ਸਿਆਣਪਾਂ ਦਾ ਤਿਆਗ ਕਰਕੇ, ਠਾਕੁਰ 'ਤੇ ਭਰੋਸਾ ਰਖਦਿਆਂ, ਉਸ ਦੇ ਮਿਲਾਪ ਲਈ ਅਰਦਾਸ ਕਰਨ ਦੀ। ਆਪ ਨੇ ਫੁਰਮਾਇਆ ਹੈ -

*ਕਛੁ ਸਿਆਨਪ ਉਕਤਿ ਨ ਮੋਰੀ॥*
*ਏਕ ਆਸ ਠਾਕੁਰ ਪ੍ਰਭ ਤੋਰੀ॥੭॥*
*ਕਰਉ ਬੇਨਤੀ ਸੰਤਨ ਪਾਸੇ॥*
*ਮੇਲਿ ਲੈਹੁ ਨਾਨਕ ਅਰਦਾਸੇ॥੮॥ ਅੰਗ - ੭੫੯*

ਪਰਮੇਸ਼ਰ ਤੋਂ ਭੁਲਿਆਂ ਸਭ ਤਕਲੀਫਾਂ, ਔਕੜਾਂ ਆ ਘੇਰਦੀਆਂ ਹਨ, ਪਰ ਮਨੁੱਖ ਆਪਣੀ ਕੀਤੀ ਦਾ ਆਪ ਜ਼ਿੰਮੇਵਾਰ ਹੈ। ਉਸ ਦਾ ਚੰਗਾ ਮੰਦਾ ਕੀਤਾ ਕਰਮ ਹੀ ਉਸ ਦੇ ਜੀਵਨ ਤੇ ਅਸਰ ਪਾਂਦਾ ਹੈ ਤੇ ਇਸੇ ਨਾਲ ਉਸ ਦੇ ਆਚਰਣ ਅਤੇ ਸ਼ਖ਼ਸੀਅਤ ਦੇ ਵਿਕਾਸ ਦਾ ਸੰਬੰਧ ਹੈ। ਆਪਣੇ ਕੀਤੇ ਕਰਮਾਂ ਤੋਂ ਛੁਟਕਾਰਾ ਕੇਵਲ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਹੋ ਸਕਦਾ ਹੈ ਤੇ ਉਸ ਦੀ ਕਿਰਪਾ ਦਾ ਸੰਬੰਧ ਸਾਡੀ ਜੋਦੜੀ-ਬੇਨਤੀ ਨਾਲ ਹੈ। ਇਸ ਵਿਚਾਰ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੈ -

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥੯॥ ਅੰਗ - ੧੩੫*

ਬੁਰੇ ਜਾਂ ਭਲੋ ਕਰਮ ਮਨੁੱਖ ਆਪ ਕਰਦਾ ਹੈ ਤੇ ਇਸੇ ਅਨੁਸਾਰ ਉਸ ਦੀ ਕਿਮਮਤ ਬਣਦੀ ਹੈ। ਸਾਡਾ ਵਰਤਮਾਨ ਸਾਡੇ ਭੂਤ ਨਾਲ, ਸਾਡੇ ਕਰਮਾਂ ਕਰਕੇ ਜੁੜਿਆ ਹੁੰਦਾ ਹੈ। ਭੂਤ ਦੇ ਬੰਧਨ ਪ੍ਰਭੂ-ਚਰਨਾਂ ਵਿੱਚ ਅਰਦਾਸ ਕੀਤਿਆਂ, ਕੀਤੇ ਔਗਣਾਂ ਦੇ ਪਛਤਾਵਾ ਕਰਨ ਅਤੇ ਸਭ ਤੋਂ ਉਪਰ ਸਤਿ ਪੁਰਸ਼ਾਂ ਦੀ ਸੰਗਤ ਨਾਲ ਮਿਲ ਕੇ ਨਾਮ-ਸਿਮਰਨ ਕਰਨ ਨਾਲ ਟੁੱਟ ਜਾਂਦੇ ਹਨ। ਗੁਰੂ ਸਾਹਿਬ ਨੇ ਸੋਰਠਿ ਰਾਗ ਵਿੱਚ ਫ਼ੁਰਮਾਇਆ ਹੈ -

*ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥੪॥੩॥੧੪॥ ਅੰਗ - ੬੧੨*

ਇਕ ਹੋਰ ਥਾਂ ਤੇ ਕਥਨ ਹੈ -

*ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥*
*ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥੩॥੧੯॥*

ਮੁਢਲੇ ਕਰਮ ਤਾਂ ਵਾਹਿਗੁਰੂ ਦੀ ਆਸ਼ਾ ਅਨੁਸਾਰ ਹੀ ਬਣੇ ਹਨ, ਉਹ ਹੀ ਆਸ਼ਾ ਉਹਨਾਂ ਕਰਮਾਂ ਦਾ ਨਾਸ਼ ਵੀ ਕਰ ਸਕਦੀ ਹੈ, ਜੇ ਸਤਿਗੁਰੂ ਦੀ ਅਪਾਰ ਕਿਰਪਾ ਹੋ ਜਾਵੇ। ਹਉਮੈ ਕਾਰਨ ਪੂਰਬਲੇ ਕਰਮਾਂ ਤੋਂ ਮਨੁੱਖ ਦੁਖੀ ਹੁੰਦਾ ਹੈ। ਜੇ ਉਹ ਹਉਮੈ ਦਾ ਤਿਆਗ ਕਰ ਕੇ, ਸਤਿਗੁਰੂ ਦੀ ਸ਼ਰਨ ਲੈ ਲਵੇ ਤਾਂ ਪੂਰਬਲੇ ਕਰਮਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਦੋਂ ਵਡੇ ਭਾਗਾਂ ਕਰਕੇ ਪ੍ਰਭੂ ਮਿਲਾਪ ਹੋ ਜਾਵੇ ਤਾਂ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ -

*ਵਡਭਾਗੀ ਮੇਰਾ ਪ੍ਰਭੁ ਮਿਲੈ ਤਾ ਉਤਰਹਿ ਸਭਿ ਬਿਓਗ॥*

*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਅੰਗ - ੧੩੫*

ਸੱਚੇ ਦਿਲੋਂ ਕੀਤਾ ਪ੍ਰਾਸ਼ਚਿਤ ਤੇ ਅਗੋਂ ਕੀਤੇ ਨੇਕ ਕੰਮ ਪਿਛਲੇ ਪਾਪਾਂ ਉਤੇ ਭਾਰੂ ਹੋ ਜਾਂਦੇ ਹਨ। ਕਰਮ ਫ਼ਿਲਾਸਫ਼ੀ ਨਾਲ ਕਿਰਪਾ-ਸਿਧਾਂਤ ਵੀ ਜੁੜਿਆ ਹੋਇਆ ਹੈ। ਗੁਰੂ ਸਾਹਿਬ ਨੇ ਗ੍ਰਿਹਸਤ ਜੀਵਨ ਅਤੇ ਤਿਆਗ ਮਾਰਗ ਬਾਰੇ ਫ਼ੁਰਮਾਇਆ ਹੈ ਕਿ ਜੋ ਲੋਕ ਗੇਰੂਏ ਕਪੜੇ ਪਾ ਕੇ ਘਰੋਂ ਨਿਕਲ ਜਾਂਦੇ ਹਨ, ਧੂਣੀਆਂ ਤਾਪਦੇ ਹਨ, ਘਰ ਘਰ ਜਾ ਕੇ ਮੰਗਦੇ ਫਿਰਦੇ ਹਨ, ਆਪਣੀ ਇਸਤ੍ਰੀ ਤਿਆਗ ਕੇ ਪਰ-ਇਸਤ੍ਰੀ ਵਲ ਝਾਕਦੇ ਫਿਰਦੇ ਹਨ, ਮੌਨ ਧਾਰ ਲੈਂਦੇ ਹਨ, ਅੰਨ-ਪਾਣੀ ਛੱਡ ਬੈਠਦੇ ਹਨ, ਹੰਕਾਰ ਦੇ ਮਾਰੇ ਹੋਏ ਵਾਹਿਗੁਰੂ ਦੀ ਰਜ਼ਾ ਨੂੰ ਨਹੀਂ ਸਮਝਦੇ, ਐਸੇ ਪੁਰਖ ਕਦੇ ਵੀ ਵਾਹਿਗੁਰੂ ਨੂੰ ਪ੍ਰਸੰਨ ਨਹੀਂ ਕਰ ਸਕਦੇ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਤਿਆਗ ਦਾ ਸਿਧਾਂਤ ਗੈਰ ਵਿਵਹਾਰਿਕ ਤੇ ਗ਼ੈਰ ਯਥਾਰਥਕ ਹੈ। ਧਰਮ ਜੀਵਨ ਤੋਂ ਨੱਸਣਾ ਨਹੀਂ ਸਿਖਾਂਦਾ, ਧਰਮ ਤਾਂ ਸੰਘਰਸ਼ਮਈ ਜੀਵਨ ਦਾ ਨਾਮ ਹੈ। ਇਸ ਲਈ ਜੀਵਨ ਨਾਲ ਸੰਬੰਧਤ ਸਭ ਸਿਧਾਂਤ ਇਸੇ ਸੰਦਰਭ ਵਿੱਚ ਵਾਚਣੇ ਚਾਹੀਦੇ ਹਨ। ਧਰਮ, ਗਿਆਨ, ਸ਼ਰਮ ਤੇ ਕਰਮ ਦੀਆਂ ਪੌੜੀਆਂ ਚੜ੍ਹ ਕੇ ਹੀ ਸਿਖਰ ਤੇ ਪੁੱਜਿਆ ਜਾ ਸਕਦਾ ਹੈ।

ਜੀਵਨ ਪਰਮਾਤਮਾ ਵਲੋਂ ਮਿਲਿਆ ਇੱਕ ਅਨਮੁੱਲਾ ਖਜ਼ਾਨਾ ਹੈ, ਇੱਕ ਢੋਆ ਹੈ, ਵਰਦਾਨ ਹੈ! ਗੁਰੂ ਸਾਹਿਬ ਇਸ ਸੰਸਾਰ ਨੂੰ ਭੂਮਿ ਰੰਗਾਵਲੀ' ਮੰਨਦੇ ਹਨ ਤੇ 'ਸੁਹਾਵੜ ਉਮਰ ਤੇ 'ਸੁਵੰਨੜੀ ਦੇਹ' ਦੀ ਪ੍ਰੇਰਨਾ ਦਿੰਦੇ ਹਨ। ਆਪ ਦਾ ਵਿਚਾਰ ਹੈ ਕਿ ਜੇ ਮਾਇਆ ਨੇ ਮਾਨਵਤਾ ਉਪਰ ਅਸਰ-ਅੰਦਾਜ਼ ਹੋਣਾ ਹੈ ਤਾਂ ਉਹ ਗ੍ਰਿਹਸਤੀ ਉੱਤੇ ਹੀ ਨਹੀਂ, ਉਦਾਸੀ ਉਤੇ ਵੀ ਹੋ ਸਕਦੀ ਹੈ। ਫੇਰ ਗ੍ਰਿਹਸਤ ਛੱਡ ਕੇ ਤਿਆਗੀ ਬਣਨ ਦੀ ਕੀ ਲੋੜ ਹੈ?

---

## *(ਪੰਨਾ 23 ਦੀ ਬਾਕੀ)*

ਹਨ। ਇਹਨਾਂ ਵਿਚ ਇਕ ਮੀਲ-ਪੱਥਰ ਇਹ ਵੀ ਹੈ ਕਿ ਸਤਿਗੁਰੂ ਨੂੰ ਪੁੱਛ ਕੇ ਹੀ ਆਤਮਕ ਮਾਰਗ ਤੇ ਚਲਣਾ ਹੁੰਦਾ ਹੈ -

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥*
*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ॥*
*ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥੨॥੧੦॥*
*ਅੰਗ - ੪੬੮*

ਜੋ ਆਤਮ-ਤੀਰਥ ਉੱਤੇ ਨਿਵਾਸ ਕਰਨ ਦਾ ਅਭਿਲਾਖੀ ਹੈ, ਉਹ ਆਤਮ ਤੀਰਥ ਜੀ ਤੋਂ ਸਰਬ-ਉਚ ਅਧਿਕਾਰੀ, ਸਤਿਗੁਰੂ ਸੱਚੇ ਪਾਤਸ਼ਾਹ ਦੀ ਦੀਖਿਆ ਸਿਖਿਆ ਲਏ ਬਿਨਾਂ ਕਿਵੇਂ ਉਸ ਅਸਥਾਨ ਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

*ਮਨਮੁਖ ਮੁਹਿ ਮੈਲੈ, ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ॥*
*ਸਤਿਗੁਰ ਕਾ ਭਉ ਛੋਡਿਆ, ਮਨਹਠਿ ਕੰਮੁ ਨ ਆਵੈ ਰਾਸਿ॥੨॥੫॥* *ਅੰਗ - ੫੮੬*

ਆਪ ਹੁਦਰੇ ਅਤੇ ਪੱਛਮੀ ਵਿਦਿਆ ਦੇ ਚੁੰਧਿਆਏ ਲੋਕ ਸਤਿਗੁਰੂ ਦੇ ਭਉ ਨੂੰ ਹੌਲੀ ਹੌਲੀ ਛਡਦੇ ਜਾਂਦੇ ਹਨ। ਉਹ ਇਹੋ ਕਹਿੰਦੇ ਸੁਣੀਦੇਂ ਹਨ ਕਿ ਅੰਮ੍ਰਿਤ ਛਕਣ ਦੀ ਤੇ ਗੁਰੂ ਵਾਲੇ ਬਣਨ ਦੀ ਕੀ ਲੋੜ ਹੈ, ਮਨ ਸਾਫ ਹੋਣਾ ਚਾਹੀਦਾ ਹੈ। ਉਹ ਆਪਣੇ ਆਪ ਨੂੰ ਆਜ਼ਾਦ-ਖਿਆਲੀਏ ਅਖਵਾਉਣ ਵਿਚ ਫਖ਼ਰ ਮਹਿਸੂਸ ਕਰਦੇ ਹਨ ਅਤੇ ਗੁਰੂ ਜੀ ਦੀ ਭੈ-ਭਾਵਨੀ ਵਿਚ ਪੈਣ ਨੂੰ ਉਹ ਵਾਧੂ ਦੀ ਬੰਦਸ਼ ਕਹਿੰਦੇ ਹਨ ਤੇ ਲੋਕਾਂ ਨੂੰ ਅਤੇ ਆਪਣੇ ਮਿੱਤਰਾਂ ਨੂੰ ਇਸ ਸਿਦਕ ਵਾਲੀ ਮਿੱਠੀ ਬੰਦਸ਼ ਵਿਚ ਪੈਣ ਤੋਂ ਰੋਕਦੇ ਹਨ। ਉਹਨਾਂ ਲੋਕਾਂ ਲਈ, ਸਤਿਗੁਰੂ ਜੀ ਉੱਪਰ ਸੰਕੇਤ ਦੇ ਰਹੇ ਹਨ ਕਿ ਉਹਨਾਂ ਦੇ ਇਸ ਮਨ-ਹੱਠ ਨੂੰ ਕਦੇ ਫਲ ਨਹੀਂ ਲੱਗ ਸਕਦੇ। ਮਾਇਆ ਦੇ ਮੋਹ ਵਿਚ ਵਸਣ ਕਰਕੇ ਉਨ੍ਹਾਂ ਦੀ ਮੱਤ ਮੈਲੀ ਹੋਈ ਹੁੰਦੀ ਹੈ। ਇਸ ਲਈ ਉਹਨਾਂ ਨੂੰ ਅੰਮ੍ਰਿਤ-ਮਈ ਸ਼ਬਦ ਦੀ ਕੋਈ ਸੋਝੀ ਨਹੀਂ ਹੁੰਦੀ। ਉਹਨਾਂ ਦਾ ਜੀਵਨ ਪਸ਼ੂ-ਪੱਧਰ ਤੇ ਹੀ ਕਾਮ-ਕ੍ਰੋਧ ਵਿਚ ਬਿਤੀਤ ਹੋ ਕੇ ਖ਼ਤਮ ਹੋ ਜਾਂਦਾ ਹੈ। ਇਸ ਵਿਚਾਰ ਨੂੰ ਸਤਿਗੁਰੂ ਜੀ ਨੇ ਗਉੜੀ ਪੂਰਬੀ ਛੰਤ ਮ: ੧ ਵਿਚ ਬੜੇ ਮਿੱਠੇ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਹੈ -

*ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ॥*
*ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ॥*
*ਸਬਦੁ ਸਾਚਾ ਗੁਰਿ ਦਿਖਾਇਆ, ਮਨਮੁਖੀ ਪਛੁਤਾਣੀਆ॥*
*ਨਿਕਸਿ ਜਾਤਉ, ਰਹੈ ਅਸਥਿਰੁ,*
*ਜਾਮਿ ਸਚੁ ਪਛਾਣਿਆ॥੩॥* *ਅੰਗ - ੨੪੨*

ਗੁਰੂ ਤੋਂ ਪੁੱਛ ਕਿ ਕੀ ਲਿਖਣਾ ਹੈ? ਉੱਤਰ ਹੈ 'ਸ਼ਬਦ'-ਗੁਰਮੰਤਰ-ਵਾਹਿਗੁਰੂ ਵਾਹਿਗੁਰੂ ਵਿਚ ਜੁਟ ਜਾਣਾ ਹੈ। ਜੋ ਗੁਰੂ ਦੇ ਦੱਸੇ ਸ਼ਬਦ ਤੋਂ ਅਵੇਸਲੇ ਰਹੇ, ਉਹ ਮਨਮੁਖ ਬਣੇ ਰਹੇ ਤੇ ਅੰਤ ਬੜੇ ਪਛੁਤਾਏ। ਜਿਨ੍ਹਾਂ ਨੇ ਸਨਮੁਖ ਹੋ ਕੇ ਸ਼ਬਦ ਦੀ ਅੱਟੁਟ ਕਮਾਈ ਕੀਤੀ, ਉਹਨਾਂ ਦਾ ਮਨ, ਜੋ ਅਗੇ ਦੌੜ ਦੌੜ ਜਾਂਦਾ ਸੀ, ਹੁਣ ਜਦੋਂ ਦਾ ਸੱਚ ਵਿਚ ਟਿਕਿਆ ਹੈ, ਅਸਥਿਰੁ ਹੋ ਜਾਂਦਾ ਹੈ।

# ਕਿਰਤ-ਕਰਮ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

ਪੂਰਬਲੇ ਕਰਮਾਂ ਦੇ ਬਦਲੇ ਅਗਲੇਰੇ ਜਨਮ ਵਿਚਿ ਸਜ਼ਾ ਵਜੋਂ ਉਸੇ ਭੁਗਤ ਦੇ ਕਰਮ ਭੁਗਤਾਏ ਜਾਂਦੇ ਹਨ। ਬਾਰ-ਬਾਰ ਉਹੀ ਇਕੋ ਕਰਮ ਕਰਨ ਦੀ ਜੋ ਵਹਿਦਤ ਪੈ ਜਾਂਦੀ ਹੈ, ਆਦਤ ਪੈ ਜਾਂਦੀ ਹੈ, ਉਸ ਵਹਿਦਤ ਜਾਂ ਆਦਤ ਅਧੀਨ ਜੋ ਭੀ ਕਰਮ, ਪ੍ਰਾਣੀ ਕਰਦਾ ਹੈ, ਉਸ ਦਾ ਨਾਮ ਕਿਰਤ-ਕਰਮ ਹੈ। ਕਿਰਤ ਵਾਲੇ ਕਰਮ ਭੁਗਤਣੇ ਹੀ ਪੈਂਦੇ ਹਨ। ਮਿਟਦੇ ਨਹੀਂ। ਆਵਾਗਵਨ ਭੀ ਇਸ ਕਿਰਤ ਕਰੰਮੀ ਗੇੜ ਕਰਕੇ ਹੁੰਦਾ ਹੈ। ਕਰਮਾਂ ਦੀ ਕਿਰਤ ਮੱਥੇ ਲਿਖੀ ਜਾਂਦੀ ਹੈ, ਕਰਮ ਭੁਗਤਾਉਣ ਲਈ। ਯਥਾ ਗੁਰਵਾਕ

*ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ॥*
*ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ॥*
*ਬਿਨੁ ਹਰਿ ਨਾਮੁ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥੧੦॥ ਅੰਗ - ੫੯*

ਭਾਵ ਅਰਥ - ਬਾਰੰਬਰ ਦੂਜੇ ਭਾਵ ਦੇ ਕਰਮ ਕਮਾਵਣ ਕਰਿ ਜੋ ਬੰਦੇ ਦੀ ਕਿਰਤ ਬਿਰਤ ਹੋ ਜਾਂਦੀ ਹੈ, ਵਹਿਦਤ ਰੂਪ, ਉਹ ਮੱਥੇ ਤੇ ਲਿਖੀ ਜਾਂਦੀ ਹੈ। ਉਸੇ ਅਨੁਸਾਰ ਉਹ ਜੂਨਾਂ ਵਿਚ ਆਉਂਦਾ ਜਾਂਦਾ ਹੈ ਅਤੇ ਆਵਾਗਮਨ ਦੇ ਚੱਕਰ ਵਿਚ ਭਉਂਦਾ ਹੈ। ਕਿਰਤ ਪਈ ਅਨੁਸਾਰ ਭਵਾਈਦਾ ਹੈ, ਅਗਲੇ ਜਨਮ ਵਿਚਿ ਹੀ ਕੁਕ੍ਰਿਤ ਕਰਮ ਜ਼ਰੂਰ ਹੀ ਉਸ ਤੋਂ ਹੁੰਦੇ ਹਨ। ਇਹ ਪਹਿਲੇ ਜਨਮ ਦੀ ਸਜ਼ਾ ਉਸ ਨੂੰ ਮਿਲਦੀ ਹੈ। ਉਹ ਉਸ ਨਾਲ ਕੋਈ ਬੇਇਨਸਾਫ਼ੀ ਨਹੀਂ ਹੁੰਦੀ, ਸਗੋਂ ਐਨ ਇਨਸਾਫ਼ ਹੁੰਦਾ ਹੈ। ਪੂਰਬਲਾ ਲੇਖ ਲਿਖਿਆ ਕਿਸੇ ਦਾ ਮਿਟਾਇਆ ਮਿਟਦਾ ਨਹੀਂ, ਕਿਉਂਕਿ ਓਹ ਕਰਮ ਰਜ਼ਾਇ ਅਨੁਸਾਰ ਲਿਖਿਆ ਗਇਆ ਹੁੰਦਾ ਹੈ। ਉਸ ਕਿਰਤ-ਕਰੰਮੀ ਲਿਖੇ ਲੇਖ ਤੋਂ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਦੁਆਰਾ ਨਾਮ ਮਿਲੇ ਤੋਂ ਹੁੰਦਾ ਹੈ, ਨਹੀਂ ਤਾਂ ਲੇਖ ਨਹੀਂ ਮਿਟਦਾ। 'ਬਿਨੁ ਹਰਿ ਨਾਮੁ ਨ ਛੁਟੀਐ', ਪ੍ਰੰਤੂ ਨਾਮੁ ਮਿਲਦਾ ਹੈ ਗੁਰਮਤਿ ਕਰਕੇ ਗੁਰੂ ਦਾ ਮਿਲਾਇਆ ਹੀ ਮਿਲਦਾ ਹੈ। ਇਸ ਬਿਧਿ ਕਰਮ-ਕਿਰਤ ਰੇਖਾ ਭੀ ਗੁਰੂ ਦੀ ਮਿਟਾਈ ਹੀ ਮਿਟਦੀ ਹੈ!

ਇਸ ਪ੍ਰਥਾਇ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਰਜਨ ਸਾਹਿਬ ਪੰਚਮ ਗੁਰੂ ਪਾਤਸ਼ਾਹ ਦੇ ਦਰਬਾਰ ਵਿਚਿ ਇਕ ਪਰਜਾਪਤੀ ਰਾਜਾ ਆਇਆ, ਸਣੇ ਰਣਵਾਸ ਦੇ (ਰਾਣੀਆਂ ਆਦਿਕ ਪਰਵਾਰ ਸਹਿਤ)। ਆਪਣੀ ਕਲਿਆਣ ਨਮਿਤ ਆਇਆ। ਆਪਣੇ ਕਰਮਾਂ ਦੇ ਲੇਖ ਮਿਟਾਉਣ ਹਿਤ ਆਇਆ। ਪ੍ਰੰਤੂ ਉਸ ਨੇ ਮਨ ਹੀ ਮਨ ਵਿਚ ਅਪਣੇ ਇਸ ਆਸ਼ੇ ਅਭਿਪਰੇ ਨੂੰ ਗੁਪਤ ਹੀ ਰੱਖਿਆ। ਕਿਸੇ ਨੂੰ ਦਸਿਆ ਨਹੀਂ। ਨਾ ਹੀ ਆਪਣੀ ਜ਼ਬਾਨੀ ਗੁਰੂ ਪਾਸ ਦਰਸਾਇਆ। ਚੁਪ ਚੁਪੀਤਾ ਗੁਰੂ ਕੀਆਂ ਸੰਗਤਾਂ ਵਿਚ ਕੁਛ ਦਿਨ ਵਿਚਰਦਾ ਰਿਹਾ। ਗੁਰੂ ਦਰਬਾਰ ਵਿਚ ਆਵੇ ਤੇ ਚਲਿਆ ਜਾਵੇ। ਜਿਥੋਂ ਉਸਦਾ ਉਤਾਰਾ ਸੀ, ਉਥੇ ਜਾ ਬਿਸਰਾਮ ਕਰੋ। ਅੰਮ੍ਰਿਤ ਵੇਲੇ ਕਾ ਗੁਰੂ ਕੀਆਂ ਸੰਗਤਾਂ ਦੇ ਨਾਲਿ ਹੀ ਉਠਣ ਦੀ ਉਸ ਨੂੰ ਆਦਤ ਪੈ ਗਈ। ਇਕ ਦਿਨ ਅੰਮ੍ਰਿਤ ਵੇਲੇ ਇਕ ਗੁਰੂ ਕਾ ਸਿਖ 'ਓਅੰਕਾਰ' ਬਾਣੀ ਦਾ ਪਾਠ ਕਰਦਾ ਸੀ। ਉਸ ਪਾਠ ਵਿਚਿ ਜਦੋਂ ਇਹ ਤੁਕ ਰਾਜੇ ਨੇ ਸੁਣੀ ਕਿ 'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ' ਤਾਂ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਜੇ ਲਿਖਿਆ ਲੇਖ ਮਿਟਣਾ ਹੀ ਨਹੀਂ ਅਤੇ ਮੈਨੂੰ ਆਪਣੇ ਕੀਤੇ ਕਰਮਾਂ ਦੇ ਲੇਖ ਭੁਗਤਣੇ ਹੀ ਪੈਣੇ ਹਨ ਤਾਂ ਮੈਂ ਐਥੇ ਗੁਰੂ ਜੀ ਪਾਸ ਕਾਹਨੂੰ ਆਇਆ ਹਾਂ? ਚਲੋਂ ਚਲੀਏ, ਐਥੋਂ ਕਲ੍ਹ ਨੂੰ ਡੇਰੇ ਕੂਚ ਕਰੀਏ। ਇਸ ਸੰਦੇਹ-ਸੰਸੇ ਦੀ ਬਾਤ ਉਸ ਨੇ ਆਪਣੇ ਮਨ ਹੀ ਮਨ ਮਾਹਿ ਰਖੀ, ਕਿਸੇ ਨੂੰ ਜਣਾਈ ਲਖਾਈ ਦਸੀ ਨਹੀਂ। ਪ੍ਰੰਤ ਗੁਰੂ ਅੰਤਰਯਾਮੀ ਘਟ ਘਟ ਦੀ ਜਾਨਣਹਾਰੇ ਬੁਝ ਗਏ ਕਿ ਰਾਜਾ ਅਸ਼ਰਧਕ ਹੋ ਕੇ ਵਾਪਸ ਚਲੇ ਜਾਣ ਦੀ ਨੀਯਤ ਠਾਣ ਬੈਠਾ ਹੈ। ਉਸੇ ਵੇਲੇ ਹੀ ਗੁਰੂ

ਸਾਹਿਬ ਨੇ ਰਾਜੇ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਕਲ੍ਹ ਨੂੰ ਜਾਣਾ ਨਹੀਂ। ਕਲ੍ਹ ਆਪਾਂ ਇਕੱਠੇ ਬਾਹਰ ਜੰਗਲਾਂ ਵਿਚਿ ਅਸਵ (ਘੋੜ) ਅਸਵਾਰ ਹੋ ਕੇ ਸੈਰ ਲਈ ਚਲਾਂਗੇ। ਰਾਜੇ ਨੇ ਸਤਿ ਕਰ ਕੇ ਗੁਰੂ ਜੀ ਦੇ ਏਸ ਹੁਕਮ ਨੂੰ ਮੰਨ ਲਿਆ। ਏਸ ਹੁਕਮ ਨੂੰ ਮੰਨਣ ਦਾ ਸਦਕਾ ਰਾਜਾ ਅਗਲੀ ਰਾਤ ਠਹਿਰ ਗਿਆ ਤਾਂ ਰਾਤ ਨੂੰ ਕੀ ਸੁਪਨਾ ਦੇਖਦਾ ਹੈ ਕਿ ਉਸ ਨੇ ਚੰਡਾਲਾਂ ਦੇ ਘਰ ਜਨਮ ਲਿਆ ਹੈ। ਜਨਮ ਲੈ ਕੇ ਉਹ ਚੰਡਾਲਾਂ ਦੇ ਘਰ ਹੀ ਪਾਲਿਆ ਪੋਸਿਆ ਗਿਆ ਤੇ ਗੱਭਰੂ ਹੋ ਗਿਆ। ਗੱਭਰੂ ਹੋਏ ਤੇ ਚੜ੍ਹਦੀ ਜਵਾਨੀ ਵਿਚਿ ਹੀ ਉਸ ਦੀ ਸ਼ਾਦੀ ਹੋ ਗਈ ਤੇ ਉਸ ਦੇ ਘਰਿ ਸੰਤਾਨ ਭੀ ਘਣੀ ਉਤਪੰਨ ਹੋਈ। ਪੁਤਾਂ, ਪੋਤਰਿਆਂ, ਧੀਆਂ, ਦੋਹਤੇ ਦੋਹਤੀਆਂ ਵਾਲਾ ਹੋ ਗਿਆ ਤੇ ਬਿਰਧ ਭਇਆ। ਅਤੇ ਬਿਰਧ ਬੁੱਢੇ ਭਏ ਤੋਂ ਉਹ ਮਰ ਮੁੱਕ ਭੀ ਗਇਆ। ਮਰੇ ਤੋਂ ਜਦੋਂ ਚੰਡਾਲਾਂ ਦੀ ਰੀਤੀ ਅਨੁਸਾਰ ਉਸਨੂੰ ਮਰਘਟ ਕਬਰਿਸਤਾਨ ਵਿਚਿ ਲਿਜਾ ਕੇ ਦਬਾਉਣ ਲਗੇ ਤਾਂ ਉਸ ਦੀ (ਰਾਜੇ ਦੀ) ਜਾਗ ਖੁਲ੍ਹ ਗਈ। ਬੜਾ ਹੈਰਾਨ ਪਰੇਸ਼ਾਨ ਹੋਇਆ। ਸੁਪਨਾ ਕੀ ਸੀ, ਪਰਤੱਖ ਜੀਵਨ ਜਨਮ ਦਾ ਹੱਡ-ਬੀਤਿਆ ਚਮਤਕਾਰ ਸੀ। ਜਾਗੇ ਤੋਂ ਭੀ ਉਕਤ ਸੁਪਨਾ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਮੁੜਿ ਮੁੜਿ ਸੁਪਨੇ ਵਿਚਿ ਸਹੌੜੀਆਂ ਸਪੁਤ ਸਪੁਤ੍ਰੀਆਂ ਦੀ ਮੋਹ-ਮਮਤਾ ਉਸ ਨੂੰ ਟੁੰਬੇ। ਨਿਮੋਝੂਣਾ ਹੋਇਆ ਨੀਵੀਂ ਪਾਇ ਕੈ ਇਹੀ ਸੋਚਾਂ ਸੋਚਦੇ ਨੂੰ ਖਾਸਾ ਦਿਨ ਚੜ੍ਹ ਆਇਆ।

ਏਤਨੇ ਨੂੰ ਸਤਿਗੁਰੂ ਦੇ ਮੇਵੜੇ ਵਲੋਂ ਉਸ ਨੂੰ ਅਵਾਜ਼ ਪੈ ਗਈ, ਚਲੋ, ਤਿਆਰ ਹੋ ਜਾਓ। ਅਸ਼ਵ ਸਵਾਰ ਹੋ ਕੇ ਸਤਿਗੁਰੂ ਦੇ ਸੰਗਿ ਸਾਥ ਬਾਹਰ ਜੰਗਲਾਂ ਵਿਚ ਸੈਰ ਸਿਆਹਤ ਲਈ ਕਮਰਕਸੇ ਕਸ ਲਓ। ਗੱਲ ਕੀ, ਸਤਿਗੁਰੂ ਸਾਹਿਬ ਆਪਣੀਆਂ ਲਾਡਲੀਆਂ ਫ਼ੌਜਾਂ ਸਮੇਤ ਉਸ ਨੂੰ (ਰਾਜੇ ਨੂੰ) ਬਾਹਰਿ ਅਣੋਖੀ ਅਖੋਰ ਬਿਹਤ ਲਈ ਲੈ ਗਏ। ਪਰ ਰਾਜਾ ਉਹੀ ਰਾਤ ਦੇ ਸੁਪਨੇ ਦੀਆਂ ਹੈਰਾਨ-ਕੁਨ ਸੋਚਾਂ ਸੋਚਦਾ ਘੋੜ-ਸਵਾਰ ਹੋਇਆ ਸਤਿਗੁਰੂ ਦੇ ਨਾਲਿ ਚਲਿਆ ਜਾ ਰਿਹਾ ਹੈ। ਕਉਤਕੀ ਸਤਿਗੁਰੂ ਨੇ ਐਸਾ ਕਉਤਕੀ ਹੁਕਮ ਚੜ੍ਹਾਇਆ ਕਿ ਹੇ ਰਾਜਨ ਔਹ ਦੇਖੋਂ ਇਕ ਹੀਰਾ ਹਰਨ ਚੌਂਕੜੀਆਂ ਭਰਦਾ ਚਲਿਆ ਆਉਂਦਾ ਹੈ। ਜੀਹਦੇ ਅਗੋ ਦੀ ਇਹ ਨਿਕਲੇਗਾ ਉਹੀ ਉਸਦਾ ਪਿੱਛਾ ਕਰੇਗਾ। ਦੂਜਾ ਕੋਈ ਉਸ ਦੇ ਨਾਲਿ ਪਿਛੋ ਜਾਵੇ ਯਾ ਨਾ ਜਾਵੇ। ਭਾਵੀ ਐਸੀ ਹੋਈ ਕਿ ਉਹ ਮਿਰਗ (ਹਿਰਨ) ਰਾਜੇ ਦੇ ਅਗੋਂ ਦੀ ਹੀ ਨਿਕਲਿਆ। ਰਾਜਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਘੋੜਾ ਦੌੜਾਇ ਕੈ ਉਸ ਹਿਰਨ ਦੇ ਪਿਛੇ ਹੋਇਆ। ਸਤਿਗੁਰੂ ਕਉਤਕਹਾਰੇ ਆਪਣੀਆਂ ਫ਼ੌਜਾਂ ਨੂੰ ਇਸ਼ਾਰੇ ਦੇ ਕੇ ਕੁਝ ਵਿਥ ਤੇ ਪਿਛੇ ਰਹਿ ਗਏ। ਰਾਜੇ ਇਕੱਲੇ ਨੂੰ ਹੀ ਹਿਰਨ ਦੇ ਪਿਛੇ ਜਾਣ ਦਿੱਤਾ। ਹਿਰਨ ਬੜੀ ਤੇਜ਼ੀ ਨਾਲ ਚਉਕੜੀਆਂ ਭਰਦਾ ਰਾਜੇ ਦੇ ਮੂਹਰੇ-ਮੂਹਰੇ ਦੌੜਦਾ ਕੁਦਦਾ ਹੋਇਆ ਕਈਆਂ ਜੰਗਲਾਂ ਬੇਲਿਆਂ ਨੂੰ ਚੀਰਦਾ ਇਕ ਸੁੰਨਸਾਨ ਵਾਦੀ ਵਿਚ ਜਾ ਕੇ ਅਲੋਪ ਹੋ ਗਿਆ। ਰਾਜਾ ਹੱਥ ਮਲਦਾ ਹੀ ਰਹਿ ਗਿਆ। ਉਸ ਨੂੰ ਪਿਆਸ ਡਾਢੀ ਲੱਗੀ ਹੋਈ ਸੀ। ਪਾਣੀ ਦੀ ਤਲਾਸ਼ ਵਿਚ ਕਿਸੇ ਪਿੰਡ ਗ੍ਰਾਉਂ ਦੀ ਸੂੰਹ ਸੁੰਧਕ ਲੈਣ ਲਗਾ। ਇਕੱਲਾ ਹੀ ਸੀ, ਆਪਣੇ ਘੋੜੇ ਸਮੇਤ। ਹੋਰ ਕੋਈ ਉਸ ਦੇ ਨਾਲ ਨਹੀਂ ਸੀ। ਦੈਵਨੇਤ ਨਾਲ ਥੋੜੀ ਦੂਰ ਦੇ ਫ਼ਾਸਲੇ ਤੇ ਹੀ ਉਸ ਨੇ ਇਕ ਗ੍ਰਾਮ ਦੇਖਿਆ। ਦੇਖਦਾ ਕੀ ਹੈ ਕਿ ਗ੍ਰਾਮ ਦੇ ਬਹੁਤ ਸਾਰੇ ਲੋਗ ਪਿੰਡੋਂ ਬਾਹਰਵਾਰ ਜਮ੍ਹਾ ਹੋਏ ਵੇ ਹਨ। ਉਹ ਜਮਘਟ ਵਲ ਹੋ ਲਿਆ। ਉਥੇ ਜਾ ਕੇ ਕੀ ਦੇਖਦਾ ਹੈ ਕਿ ਉਹੀ ਮਰਘਟ ਅਸਥਾਨ ਕਬਰਿਸਤਾਨ ਹੈ। ਉਸੇ ਪਿੰਡ ਦਾ ਹੈ, ਜਿਥੋਂ ਜਨਮ ਲੋ ਕੇ ਉਸ ਨੇ ਚੰਡਾਲ ਦੇ ਘਰਿ ਸਾਰਾ ਜੀਵਨ ਬਤੀਤ ਕੀਤਾ ਸੀ। ਓਹੀ ਪਿੰਡ ਦੇ ਲੋਕ ਹਨ। ਓਹੀ ਉਸਦਾ ਪਰਵਾਰ ਹੈ। ਪੁਤ ਪੋਤੇ ਇਸਤ੍ਰੀ ਆਦਿਕ ਭੀ ਉਹੀ ਹਨ। ਓਹਨਾਂ ਨੂੰ ਦੇਖ ਕੇ ਸ਼ਰਮਸਾਰ ਹੋਇਆ ਉਹ ਪਿਛਾਂਹ ਮੁੜਨ ਹੀ ਲੱਗਾ ਸੀ ਕਿ ਝੱਟ ਅੱਗੇ ਵਧ ਕੇ ਉਸ ਦੇ ਕੁਟੰਬੀਆਂ ਨੇ ਉਸ ਦੇ ਪੱਲੇ ਜਾ ਫੜੇ ਅਤੇ ਘੋੜੇ ਦੀਆਂ ਲਗਾਮਾਂ ਨੂੰ ਰੋਕ ਲਿਆ। ਸਾਰੇ ਉਸ ਨੂੰ ਚਿੰਮੜ ਗਏ। ਮੋਹ ਦੀਆਂ ਝਿੜਕਾਂ ਮਾਰ ਕੇ ਚਿੰਮੜੇ। ਹੁਣ ਅਸੀਂ ਨਹੀਂ ਜਾਣ ਦਿੰਦੇ। ਰਾਜਾ ਹੈਰਾਨੀ ਪਰੇਸ਼ਾਨੀ ਦੇ ਸਮੁੰਦਰ ਵਿਚ ਅਤੇ ਲੱਜਾ ਵਿਚ ਤ੍ਰਿਬੁਡ ਹੋਇਆ ਸੋਚਣ ਲਗਾ। ਸਚਮੁੱਚ ਓਹੀ ਟੱਬਰ-ਟੀਹਰ ਹੈ, ਜਿਸ ਵਿਚ ਰਹਿ ਰਹਿ ਕੇ ਮੈਂ ਸਾਰਾ ਜਨਮ ਏਹਨਾਂ ਚੰਡਾਲਾਂ ਦੇ ਘਰ ਬਤੀਤ ਕੀਤਾ ਹੈ, ਇਸ ਵਿਚ ਕੋਈ ਭੀ ਸੰਦੇਹ ਨਹੀਂ। ਸਾਰਿਆਂ ਨੂੰ ਮੈਂ ਜਾਣਦਾ ਹਾਂ। ਸਾਰੇ ਮੈਨੂੰ ਜਾਣਦੇ ਹਨ। ਪੱਲਾ ਛੁਡਾਵਾਂ ਤੇ ਕਿਵੇਂ ਛੁਡਾਵਾਂ? ਛੁਡਾ ਭੀ ਨਹੀਂ ਹੁੰਦਾ। ਪਰ ਓਹਨਾਂ ਨੂੰ ਅਪਣਾਉਂਦਾ ਭੀ ਸ਼ਰਮਾਉਂਦਾ ਹੈ। ਜਿਉਂ ਜਿਉਂ ਲਾਡ ਪਿਆਰ ਨਾਲ ਉਸਦਾ ਬਾਲ ਬੱਚਾ ਉਸਨੂੰ ਚਿੰਮੜਦਾ ਹੈ ਤਿਉਂ ਤਿਉਂ ਉਹ ਬੇਬਸ ਹੋ ਜਾਂਦਾ ਹੈ। ਪਰ ਓਹਨਾਂ ਦੇ ਪਾਸ ਰਹਿਣ ਨੂੰ ਜੀਅ ਨਹੀਂ ਕਰਦਾ। ਫੇਰ ਆਪਣੇ ਆਪ ਨੂੰ ਇਉਂ ਹੱਲਾਸ਼ੇਰੀ ਹੈ, ਉਹ ਸੁਪਨਾ ਹੀ ਸੀ। ਮੈਂ ਕਾਹਨੂੰ ਪਰਤੱਖ ਜਨਮ ਏਹਨਾਂ ਦੇ ਘਰਿ ਲਿਆ ਹੈ। ਜ਼ਰਾ ਦਿਲ ਕਰਾਰਾ ਕਰ ਕੇ ਆਖਦਾ ਹੈ ਕਿ ਤੁਸੀਂ ਕੁਛ ਨਹੀਂ ਲਗਦੇ। ਤੁਸੀਂ ਮੈਨੂੰ ਕਿਉਂ ਚਿਮੜਦੇ ਹੋ? ਓਹਨਾਂ

ਆਖਿਆ, ਤੂੰ ਮਰ ਗਿਆ ਸੀ। ਅਸੀਂ ਰੋਂਦਿਆਂ ਕੁਰਲਾਂਦਿਆਂ ਨੇ ਤੈਨੂੰ ਦੱਬ ਦਿਤਾ। ਤੂੰ ਕਬਰ ਵਿਚੋਂ ਨਿਕਲ ਕੇ ਕਿਤੋਂ ਚੰਗੇ ਚੰਗੇ ਬਸਤਰ 'ਤੇ ਘੋੜਾ ਪਾਖਰ ਪਤਾ ਨਹੀਂ ਕਿਤੋਂ ਲੈ ਆਇਆ ਹੈ ਤੇ ਸਾਨੂੰ ਪਿਦਾਉਂਦਾ ਤੇ ਭੁਚਲਾਉਂਦਾ ਹੈ। ਹੁਣ ਤੈਨੂੰ ਅਸੀਂ ਜਾਣ ਦਿੰਦੇ ਹਾਂ? ਗੱਲ ਕੀ ਪਰਸਪਰ ਤਕੜਾ ਤਕਰਾਰ ਹੋ ਪਿਆ। ਸਾਰਾ ਪਿੰਡ ਹੋਰ ਭੀ ਇਕੱਠਾ ਹੋ ਗਿਆ। ਸਾਰੇ ਹੀ ਇਹ ਸ਼ਾਹਦੀ ਭਰਨ ਕੁਟੰਬੀਆਂ ਦੇ ਹੱਕ ਵਿਚ। ਰਾਜਾ ਭੀ ਸਾਰੇ ਪਿੰਡ ਦਿਆਂ ਆਦਮੀਆਂ ਤੀਮੀਆਂ ਨੂੰ ਜਾਣੇ ਪਛਾਣੇ ਅਤੇ ਪਿੰਡ ਦੇ ਮਰਦ ਇਸਤ੍ਰੀ ਭੀ ਉਸ ਨੂੰ ਜਾਨਣ ਪਛਾਨਣ। ਬੜਾ ਘਬਰਾਇਆ, ਬੜੀ ਅੜਿੱਚਣ ਵਿਚ ਉਸ ਦੀ ਜਾਨ ਪੈ ਗਈ। ਪੱਲਾ ਛੁਡਾਉਣਾ ਦੁੱਭਰ ਹੋ ਗਿਆ।

ਏਸੇ ਘਬਰਾਹਟ ਵਿਚ ਇਕ-ਮਨ ਇਕ-ਚਿਤ ਹੋ ਕੇ ਗੁਰੂ ਸਾਹਿਬ ਦਾ ਧਿਆਨ ਧਰਿਆ ਅਤੇ ਮਨ ਹੀ ਮਨ ਵਿਚ ਬੇਨਤੀ ਕੀਤੀ, ਹੇ ਸਤਿਗੁਰੂ! ਇਸ ਭੀੜੀ ਬਣੀ ਅਉਝੜ ਤੋਂ ਆ ਕੇ ਹੁਣ ਤੁਸੀਂ ਹੀ ਛੁਡਾ ਸਕਦੇ ਹੋ। ਬਹੁ ਤੋਂ ਛੰਦ ਪੁਰਾਣ ਮੋਕਲੇ ਕਰਾਓ। ਛਡਾਓ ਜੀ, ਆ ਕੇ ਛੁਡਾਓ।

ਕਉਤਕਹਾਰ ਸਤਿਗੁਰੂ ਇਕ ਛਿਨ ਵਿਚਿ ਆਇ ਆਸ਼ਕਾਰ (ਪਰਗਟ) ਹੋਏ। ਰਾਜੇ ਦੀ ਘਬਰਾਹਟ ਨੂੰ ਅਤੇ ਜਿਸ ਹਾਲਤ ਵਿਚ ਉਹ ਖੜਾ ਸੀ, ਦੇਖ ਕੇ ਮੁਸਕਾਏ। ਲੋਕਾਂ ਨੂੰ ਤੇ ਇਕੱਠੇ ਹੋਏ ਚੰਡਾਲ ਪਰਵਾਰ ਨੂੰ ਸਨਮੁਖ ਹੋ ਕੇ ਆਖਣ ਲਗੇ ਕਿ ਕਿਸ ਗੱਲ ਦਾ ਝਗੜਾ ਹੈ? ਹਾਜ਼ਰੀਨ ਨੇ ਇਸ ਘਟਨਾ ਵਾਲਾ ਬਿਰਤਾਂਤ ਸਤਿਗੁਰੂ ਦੀ ਹਜ਼ੂਰੀ ਵਿਚ ਵਿਸਥਾਰ ਸਹਿਤ ਦਸਿਆ। ਓੜਕ ਆਖਿਆ ਕਿ ਇਹ ਕਬਰ ਵਿਚੋਂ ਨਿਕਲ ਕੇ ਸਾਨੂੰ ਸਾਰਿਆਂ ਨੂੰ ਤਲਾਕ ਦੇਈ ਨੱਸਿਆ ਜਾਂਦਾ ਹੈ। ਅਸੀਂ ਇਸ ਨੂੰ ਨਹੀਂ ਜਾਣ ਦੇਣਾ, ਬਿਲਕੁਲ ਵੀ ਨਹੀਂ ਜਾਣ ਦੇਣਾ। ਤੁਸੀਂ ਅਵਤਾਰੀ ਮਹਾਂ ਪੁਰਸ਼ ਹੋ, ਸਾਡਾ ਨਿਆਉਂ ਨਿਬੇੜੋ। ਗੁਰੂ ਸਾਹਿਬ ਨੇ ਫੁਰਮਾਇਆ ਕਿ ਇਕੋ ਗੱਲ ਨਿਆਉਂ ਨਿਬੇੜਨ ਦੀ ਹੈ। ਜੇ ਤੁਸਾਨੂੰ ਮੰਨਣੀ ਮਨਜ਼ੂਰ ਹੈ ਤਾਂ ਆਖਾਂ। ਭਲਾ ਜੀ ਭਲਾ! ਸਤਿਗੁਰੂ ਫ਼ੁਰਮਾਉਣ ਲਗੇ ਕਿ ਤੁਸੀਂ ਆਪਣੀ ਕਬਰ ਪੁਟ ਕੇ ਦੇਖੋ, ਜੇ ਤਾਂ ਉਸ ਕਬਰ ਵਿਚ ਇਹ ਹੈ ਨਹੀਂ, ਕਬਰ ਖ਼ਾਲੀ ਪਈ ਹੈ ਤਾਂ ਤੁਸੀਂ ਇਸ ਨੂੰ ਨਿਸ਼ੰਗ ਫੜ ਲਵੋ। ਪਰ ਜੇ ਮੋਈ ਹੋਈ ਲੋਥ ਉਹੀ ਇਸ ਕਬਰ ਵਿਚ ਪਈ ਹੈ ਤਾਂ ਇਸ ਨੂੰ ਛਡ ਦਿਓ। ਇਸ ਫੈਸਲੇ ਨੂੰ ਸੁਣ ਕੇ ਸਾਰੇ ਬਹੁਤ ਖੁਸ਼ ਹੋਏ। ਖੁਸ਼ੀ ਨਾਲ ਜਾਮਿਆਂ ਤੋਂ ਬਾਹਰ ਹੋ ਗਏ। ਕਬਰ ਪੁੱਟੀ ਤਾਂ ਕਬਰ ਵਿਚ ਸਾਮੀ ਹੀ ਉਸ ਦੀ ਲੋਥ ਪਈ ਸੀ। ਐਨ ਇਹੋ ਜਿਹੀ ਦੇਹੀ ਇਹੋ ਜਿਹੀ ਸੂਰਤ। ਪਰ ਫੈਸਲੇ ਅਨੁਸਾਰ ਕਿਸੇ ਦੀ ਕੁਛ ਪੇਸ਼ ਨਾ ਗਈ। ਰਾਜੇ ਦਾ ਖਹਿੜਾ ਛੁਟਿਆ। ਗੁਰੂ ਸਾਹਿਬ ਰਾਜੇ ਨੂੰ ਛੁਡਾਇ ਕੇ ਅਤੇ ਘੋੜੇ ਤੇ ਸਵਾਰ ਕਰਾਇ ਕੇ ਆਪਣੇ ਨਾਲ ਵਾਪਸ ਲੈ ਚਲੇ ਗਏ ਰਾਹ ਵਿਚ ਜਾਂਦਿਆਂ ਰਾਜਾ ਸ਼ਰਮਾਇ ਕੇ ਪੁਛਦਾ ਹੈ, ਸਾਹਿਬ ਜੀਉ, ਇਹ ਕੀ ਕਉਤਕ ਸੀ? ਸਤਿਗੁਰੂ ਫੁਰਮਾਉਣ ਲਗੇ ਕਿ ਇਹ ਤੇਰੀ ਉਸ ਸ਼ੰਕਾ ਦਾ ਉਤਰ ਸੀ ਜਿਸ ਕਰਕੇ ਤੂੰ ਅਸ਼ਰਧਕ ਹੋ ਚਲਿਆ ਸੀ। ਨਿਰਸੰਦੇਹ ਇਹ ਗੁਰਵਾਕ ਸੱਚ ਹੈ –

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।***

ਤੇਰੇ ਪੂਰਬਲੇ ਕਰਮਾਂ ਅਨੁਸਾਰ ਤਾਂ ਚੰਡਾਲਾਂ ਦੇ ਘਰ ਜੰਮ ਕੇ ਸਾਰਾ ਜਨਮ ਅਵੱਸ਼ ਬਿਤਾਉਣਾ ਸੀ। ਪ੍ਰੰਤੂ ਗੁਰੂ ਨਾਨਕ ਦੇ ਘਰ ਨੂੰ ਏਤਨੀ ਸਮਰੱਥਾ ਹੈ ਕਿ ਇਕ ਰਾਤ ਵਿੱਚ ਹੀ ਉਹ ਸਾਰਾ ਜਨਮ ਤੈਥੋਂ ਭੁਗਤਾਇ ਦਿਤਾ, ਜੋ ਤੈਂ ਸਾਰੀ ਉਮਰ ਹੀ ਚੰਡਾਲਾਂ ਦੇ ਘਰ ਭੁਗਤਣਾ ਸੀ। ਸੂਲੀ ਦੀ ਸਜ਼ਾ ਮਾਮੂਲੀ ਸੂਲ ਵਿਚ ਟਾਲ ਦਿਤੀ।

*'ਗੁਰਮਤਿ ਕਰਮ ਫਿਲਾਸਫੀ' ਪੁਸਤਕ ਵਿਚੋਂ*

---

***(ਪੰਨਾ 18 ਦੀ ਬਾਕੀ)***

***ਖਾਲਸੇ ਮਹਿ ਹਉ ਕਰੌਂ ਨਿਵਾਸ।***
***ਮੈਂ ਖਾਲਸੇ ਤੋਂ ਖਾਲਸਾ ਮੇਰੋ।***
***ਓਤ ਪੋਤ ਸਾਗਰ ਬੂੰਦੇਰੋ।***

ਸਿੱਖ ਧਰਮ-ਪੰਥ ਦਾ ਪਾਂਧੀ ਹੈ ਅਤੇ ਖਾਲਸਾ ਉਸ ਸਮਾਜਕ ਅਤੇ ਰਾਜਸੀ ਪ੍ਰਬੰਧ ਸ਼ਾਸਨ ਦਾ ਦ੍ਰਿਸ਼ਟਾ, ਨਿਰਮਾਤਾ, ਸਥਾਪਿਤ ਕਰਨ ਵਾਲਾ ਅਤੇ ਉਸ ਪ੍ਰਬੰਧ-ਸ਼ਾਸਨ ਦੀ ਰੱਖਿਆ ਕਰਨ ਵਾਲਾ ਹੈ, ਜਿਸ ਸਮਾਜੀ ਅਤੇ ਰਾਜਸੀ ਨਿਜ਼ਾਮ ਵਿਚ ਸ਼ੁੱਧ ਅਤੇ ਸਨਾਤਨ ਧਰਮ ਜੀਵਿਆ ਤੇ ਪ੍ਰਚਾਰਿਆ ਜਾ ਸਕਦਾ ਹੈ।

ਨਿਸਚੇ ਹੀ 'ਖਾਲਸਾ' ਸੰਗਤ ਦਾ ਵਟਿਆ ਤੇ ਵਿਗਸਿਆ ਰੂਪ ਜ਼ਰੂਰ ਹੈ, ਪਰ ਸੰਗਤ ਕਿਸੇ ਵੀ ਸਥਿਤੀ ਵਿਚ ਹੋਇਆਂ ਖਾਲਸਾ ਨਹੀਂ ਅਖਵਾ ਸਕਦੀ।

# ਸੇਵਾ ਦੇ ਪੁੰਜ - ਸ੍ਰੀ ਗੁਰੂ ਅਮਰਦਾਸ ਜੀ

*(ਪ੍ਰਿੰਸੀਪਲ ਸੱਜਣ ਸਿੰਘ ਜੀ)*

ਸੇਵਾ ਗੁਰਸਿੱਖੀ ਦਾ ਵਿਸ਼ੇਸ਼ ਅੰਗ ਹੈ। ਸੇਵਾ ਤੇ ਸਿਮਰਨ ਗੁਰਸਿੱਖੀ ਦੇ ਥੰਮ੍ਹ ਹਨ। ਸੇਵਾ ਬਿਹੂਣ ਸਿੱਖੀ ਦਾ ਸੰਕਲਪ ਅਧੂਰਾ ਤੇ ਫਿੱਕਾ ਹੈ। ਇਸ ਦੈਵੀ ਗੁਣ ਦੇ ਸਰੂਪ ਤੇ ਇਸ ਦੀ ਖੁਸ਼ਬੂ ਦਾ ਪ੍ਰਗਟਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ, ਜਦ ਉਨ੍ਹਾਂ ਨੇ ਆਪਣੇ ਹੱਥੀਂ ਭੁੱਖੇ ਸਾਧੂਆਂ ਨੂੰ ਭੋਜਨ ਖੁਆਇਆ 'ਤੇ ਭਾਂਤ ਭਾਂਤ ਦੇ ਰੋਗ, ਵਹਿਮ, ਪਖੰਡ, ਅਗਿਆਨਤਾ ਤੇ ਜ਼ੁਲਮ ਵਿਚ ਗ੍ਰਸੀ ਸ੍ਰਿਸ਼ਟੀ ਨੂੰ ਸੋਧਣ ਲਈ ਤਨ, ਮਨ, ਧਨ ਵਾਰਿਆ। ਹਜ਼ੂਰ ਨੇ ਚਾਰ ਉਦਾਸੀਆਂ ਦੁਆਰਾ ਪਰਉਪਕਾਰ ਤੇ ਨਿਸ਼ਕਾਮ ਸੇਵਾ ਦੀ ਐਸੀ ਪਰੰਪਰਾ ਆਰੰਭ ਕੀਤੀ, ਜਿਸ ਦੀ ਉਦਾਹਰਣ ਵਿਸ਼ਵ ਭਰ ਵਿਚ ਲੱਭਣੀ ਮੁਸ਼ਕਲ ਹੈ। ਆਪ ਜੀ ਨੇ ਰੋਗੀਆਂ ਦੇ ਰੋਗ ਖੰਡੇ, ਸੋਗੀਆਂ ਦੇ ਸੋਗ ਮਿਟਾਏ, ਜੋਗੀਆਂ ਨੂੰ ਨਾਮ ਨਾਲ ਜੋੜਿਆ ਤੇ ਭੋਗੀਆਂ ਨੂੰ ਸੁੱਚੀ ਕ੍ਰਿਤ ਦੁਆਰਾ ਭੋਜਨ ਛਕਣ ਛਕਾਉਣ ਦਾ ਉਪਦੇਸ਼ ਦਿੱਤਾ। ਆਪ ਜੀ ਦਾ ਸਮੁੱਚਾ ਜੀਵਨ ਖ਼ਲਕਤ ਦੀ ਸੇਵਾ ਨਾਲ ਸਸ਼ੋਭਤ ਸੀ, ਜਿਸ ਵਿਚੋਂ ਮਨਮੁਖਾਂ ਦੇ ਹਿਰਦਿਆਂ ਵਿਚ ਸ਼ੁਭ ਗੁਣਾਂ ਦਾ ਬੀਜ ਬੀਜਣਾ, ਨਾਮ ਦੀ ਵਡਿਆਈ ਦ੍ਰਿੜ੍ਹ ਕਰਨੀ ਤੇ ਖਸਮਹੁ ਘੁੱਥੇ ਅੰਨ੍ਹਿਆਂ ਨੂੰ ਗਿਆਨ-ਅੰਜਨ ਦੁਆਰਾ ਪ੍ਰਕਾਸ਼ ਬਖਸ਼ਣਾ ਆਦਿਕ ਸੇਵਾ ਦੇ ਅਤੀ ਉੱਚੇ ਨਮੂਨੇ ਸਨ।

ਅਸੀਂ ਮੂਰਖ, ਮੁਗਧ, ਅਗਿਆਨੀ ਸੇਵਾ ਦੀ ਸਾਰ ਨਹੀਂ ਜਾਣਦੇ, ਕੇਵਲ ਦਿਖਾਵਾ ਕਰਦੇ ਹਾਂ। ਜੇ ਕੋਈ ਸਾਂਝੀ ਪ੍ਰਸੰਸਾ ਨਹੀਂ ਕਰਦਾ ਤਾਂ ਅਸੀਂ ਉਸ ਸੇਵਾ ਤੋਂ ਮੂੰਹ ਮੋੜ ਲੈਂਦੇ ਹਾਂ। ਮਾਇਆ ਦਾਨ, ਆਮ ਤੌਰ ਤੇ ਬਾਹਰਲੇ ਤਿਆਗ ਦਾ ਪ੍ਰਤੀਕ ਹੈ ਤੇ ਸੇਵਾ ਦੀ ਪਹਿਲੀ ਪੌੜੀ ਹੈ, ਜਦ ਕਿ ਸੱਚੀ ਸੇਵਾ, ਪ੍ਰਸੰਸਾ ਦੀ ਮੁਹਤਾਜ ਨਹੀਂ। ਅਸੀਂ ਉਨ੍ਹਾਂ ਗੁਣਾਂ ਤੋਂ ਵਿਰਵੇ ਹਾਂ ਜਿਹੜੇ ਨਿਸ਼ਕਾਮ ਸੇਵਾ ਕਰਨ ਲਈ ਪ੍ਰੇਰਨਾ ਦੇ ਸਕਣ। ਸਾਡੀ ਬਿਰਤੀ ਉਨ੍ਹਾਂ ਲੋਭੀ ਬਿਉਪਾਰੀਆਂ ਵਰਗੀ ਹੈ ਜਿਹੜੇ ਕੁੱਝ ਦੇ ਕੇ ਕਈ ਗੁਣਾ ਪ੍ਰਾਪਤ ਕਰਨ ਦੀ ਲੋਚਦੇ ਹਨ। 'ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥ (ਅੰਗ - ੪੬੬)' ਸਾਡੇ ਤੇ ਇੰਨ ਬਿੰਨ ਘਟਦਾ ਹੈ। ਗੁਰਬਾਣੀ ਜਿੱਥੇ ਨਾਮ ਦਾ ਸਾਗਰ ਤੇ ਗਿਆਨ ਦਾ ਭੰਡਾਰ ਹੈ, ਉਥੇ ਸਾਡੀ ਮਨ ਦੀ ਅਵਸਥਾ ਨੂੰ ਦਰਸਾ ਕੇ ਜੋਦੜੀ ਕਰਨ ਦੀ ਵਿਧੀ ਦਾ ਸੁਝਾਉ ਵੀ ਦਿੰਦੀ ਹੈ -

*ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ॥*
*ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ*
*॥੨॥੧੭॥ ਅੰਗ - ੨੧੮*

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਆਦਰਸ਼ਕ ਸੇਵਾ ਦਾ ਜਿਹੜਾ ਰੂਪ ਆਪਣੀ ਕਰਣੀ ਤੇ ਬਾਣੀ ਦੁਆਰਾ ਪ੍ਰਗਟਾਇਆ ਹੈ, ਉਸਦੀ ਵਿਲੱਖਣਾ ਤੇ ਉੱਚਤਾ ਦਾ ਥਾਹ ਪਾਉਣਾ, ਹਿਰਦੇ ਨਾਲ ਸਪਰਸ਼ ਕਰਨਾ ਤੇ ਅਕੱਥ ਕਥਾ ਨੂੰ ਕਥਨ ਦੀ ਡੀਂਗ ਮਾਰਨਾ ਅਜਿਹਾ ਕਰਮ ਹੈ, ਜਿਸ ਬਾਰੇ ਗੁਰੂ ਨਾਨਕ ਦੇਵ ਜੀ ਦਾ ਬਚਨ ਹੈ -

*ਜੇ ਕੋ ਆਖੈ ਬੋਲੁਵਿਗਾੜੁ॥*
*ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥ (ਜਪੁਜੀ)*

ਸੱਤਰ ਸਾਲ ਤੋਂ ਉਪਰ ਦੀ ਆਯੂ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਰੀਰਕ ਤੌਰ ਤੇ ਅਥਾਹ ਸੇਵਾ ਕਮਾਉਣੀ, ਨਿਤ ਅੰਮ੍ਰਿਤ ਵੇਲੇ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਜਾਣਾ, ਆਪ ਇਸ਼ਨਾਨ ਕਰ ਕੇ ਜਲ ਦੀ ਗਾਗਰ ਭਰ ਲਿਆਉਣੀ ਤੇ ਗੁਰਦੇਵ ਜੀ ਦਾ ਇਸ਼ਨਾਨ ਕਰਵਾਉਣਾ ਆਪ ਜੀ ਦੀ ਤਕੜੀ ਘਾਲ, ਤੇ ਘੋਰ ਤਪੱਸਿਆ ਸੀ। ਮੀਂਹ ਆਵੇ ਜਾਂ ਹਨੇਰੀ, ਝੱਖੜ ਝਾਂਗੀ ਤੇ ਘੁੱਪ ਅੰਧੇਰਾ ਹੋਵੇ, ਸਿਆਲ ਦੀ ਰੁੱਤ ਤੇ ਕੱਕਰ ਪਾਲਾ ਹੋਵੇ, ਆਪ ਜੀ ਦੇ ਨਿੱਤ-ਕਰਮ ਵਿਚ ਕੋਈ ਵਿਘਨ ਨਹੀਂ ਪਿਆ। ਆਪ ਜੀ ਦੇ ਸੰਬੰਧਤ ਗੁਣਾਂ - ਅਥਾਹ ਮਨੋ-ਬਲ, ਨਿੱਗਰ ਇਰਾਦਾ-ਸ਼ਕਤੀ, ਪਰਬਤ ਵਰਗੀ ਅਹਿੱਲਤਾ, ਦੁੱਖ ਸੁੱਖ

ਵਿਚ ਅਡੋਲਤਾ, ਦੈਵੀ ਹੱਠ ਤੇ ਗੰਭੀਰਤਾ ਦਾ ਸੰਕੇਤ ਸੱਤਾ-ਬਲਵੰਡ ਨੇ ਰਾਮਕਲੀ ਵਾਰ ਵਿਚ ਕੀਤਾ ਹੈ -

*ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥*
*ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥*
*ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥*
*ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥੬॥* *ਅੰਗ - ੯੬੮*

ਆਪ ਜੀ ਨੇ ਅਮਲੀ ਤੌਰ ਤੇ ਤਨ ਦੀ ਸੇਵਾ, ਮਨ ਦੀ ਸੇਵਾ, ਧਨ ਦੀ ਸੇਵਾ ਤੇ ਸੁਰਤਿ ਦੀ ਸੇਵਾ, ਅਰਥਾਤ ਚਾਰ ਪ੍ਰਕਾਰ ਦੀ ਸੇਵਾ, ਅਤੀ ਨਿਮਾਣੇ ਹੋ ਕੇ ਨਿਭਾਈ ਤੇ ਗੁਰਸਿੱਖਾਂ ਨੂੰ ਸੇਵਾ ਕਰਨ ਦਾ ਮਾਰਗ-ਦਰਸ਼ਨ ਦਿੱਤਾ। ਸੇਵਾ ਦਾ ਕੋਈ ਐਸਾ ਅੰਗ ਨਹੀਂ ਸੀ, ਜਿਹੜਾ ਸੱਚੇ-ਸਤਿਗੁਰ ਨੇ ਨਾ ਕਮਾਇਆ ਹੋਵੇ। ਆਪ ਜੀ ਦੀ ਸੂਖਮ ਦ੍ਰਿਸ਼ਟੀ ਵਿਚ ਨਿਰਮਲ ਰੌਸ਼ਨੀ ਦਾ ਪ੍ਰਕਾਸ਼ ਸੀ, ਜਿਸ ਕਰਕੇ ਗਰੀਬਾਂ ਅਨਾਥਾਂ ਤੇ ਲੋੜ-ਵੰਦਾਂ ਦੇ ਰਿਦੇ ਵਿਚ ਇਕੋ ਅਕਾਲ ਪੁਰਖ ਦੀ ਸਰਬ ਵਿਆਪਕੜਾ ਨੂੰ ਤੱਕਣਾ ਤੇ ਅਨੁਭਵ ਕਰਨਾ ਸੁਭਾਵਕ ਤੇ ਸਹਜ ਸੀ। ਇਸ ਦੇ ਇਲਾਵਾ ਆਪ ਭਾਂਡਿਆਂ ਦੀ ਸੇਵਾ ਤੇ ਜਲ ਦੀ ਸੇਵਾ ਵਿੱਚ ਤੱਤਪਰ ਰਹਿੰਦੇ, ਸੱਚੇ ਗੁਰਦੇਵ ਜੀ ਦੀ ਵਿਸ਼ੇਸ਼ ਸੇਵਾ ਤੇ ਨਾਮ ਸਿਮਰਨ ਵਿਚ ਦਿਨ ਰਾਤ ਲੱਗੇ ਰਹਿੰਦੇ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਅਲੋਕਿਕ ਤੇ ਨਿਰਾਲੇ ਸਰੂਪ ਦੀ ਸੀ। ਇਸ ਸੇਵਾ ਦੇ ਪਿਛੋਕੜ ਵਿਚ ਹਜ਼ੂਰ ਦੀ ਭਾਵਨਾ ਦਾ ਚਿੱਤਰ ਗੁਰਬਾਣੀ ’ਚੋਂ ਦਿਖਾਈ ਦਿੰਦਾ ਹੈ। ਗੁਰਬਾਣੀ ਦਾ ਅਟੱਲ ਫ਼ੁਰਮਾਨ ਹੈ -

*ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥*
*ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ॥੩॥੭॥* *ਅੰਗ - ੧੦੧੩*

ਧੂਣੀਆਂ ਤਪਾਉਣ ਵਾਲੇ ਭੇਖੀ ਸੰਨਿਆਸੀ ਨੂੰ ਦਿੱਤਾ ਉਪਦੇਸ਼ ਗੁਰ-ਸੇਵਾ ਦੀ ਮਹੱਤਤਾ ਨੂੰ ਦਰਸਾਉਂਦਾ ਹੈ, ਜਿਸ ਬਿਨਾਂ ਉੱਤਮ ਭਗਤੀ ਅਸੰਭਵ ਹੈ। ਤਾਂ ਤੇ ਸਤਿਗੁਰੂ ਤੋਂ ਨਾਮ ਪ੍ਰਾਪਤ ਕਰਨਾ, ਸੇਵਾ ਕਰਨੀ ਤੇ ਪ੍ਰਸੰਨਤਾ ਪ੍ਰਾਪਤ ਕਰਨੀ, ਆਦਿ ਆਪਣੇ ਆਪ ਨੂੰ ਸਮਝਣ ਲਈ ਆਵਸ਼ਕ ਤੇ ਸਫਲ ਕਰਮ ਹਨ।

ਸ੍ਰੀ ਗੁਰੂ ਅਮਰਦਾਸ ਜੀ ਪਿਛਲੇ ਕਈ ਸਾਲਾਂ ਤੋਂ ਤੀਰਥ-ਯਾਤਰਾ ਜਾਂ ਗੰਗਾ-ਇਸ਼ਨਾਨ ਕਰਦੇ ਆਏ ਸਨ। ਇਕੇਰਾਂ ਵਾਪਸੀ ਵਿਚ ਹਜ਼ੂਰ ਦਾ ਮੇਲ ਇਕ ਬ੍ਰਹਮਚਾਰੀ ਨਾਲ ਹੋਇਆ। ਵਾਰਤਾਲਾਪ ਦੇ ਦੌਰਾਨ ਬ੍ਰਹਮਚਾਰੀ ਨੂੰ ਪਤਾ ਲੱਗਾ ਕਿ ਜਿਸ ਮਹਾਂ ਪੁਰਖ ਦਾ ਮੈਂ ਭੋਜਨ ਖਾਧਾ ਹੈ ਉਹ ਨਿਗੁਰਾ ਹੈ ਤੇ ਉਸ ਦੀ ਭਿੱਟ ਮੇਰੀ ਆਤਮਾ ਨੂੰ ਚੜ੍ਹ ਗਈ ਹੈ। ਉਸ ਨੇ ਇਹ ਗੱਲ ਐਸੇ ਲਹਿਜੇ ਨਾਲ ਆਖੀ ਕਿ ਸਤਿਗੁਰੂ ਦੇ ਹਿਰਦੇ ਨੂੰ ਵਿੰਨ੍ਹ ਗਈ। ਇਹ ਬਾਣ ਸੀ ਜਾਂ ਅਗਨੀ, ਜਿਸ ਨੇ ਗੁਰੂ-ਮਿਲਾਪ ਦੀ ਚਿਣਗ ਦੇ ਸਦਕੇ ਕਾਮਲ ਮੁਰਸ਼ਦ (ਪੂਰਨ ਗੁਰੂ) ਪ੍ਰਾਪਤੀ ਦੀ ਲਾਲਸਾ ਉਤਪੰਨ ਹੋਈ ’ਤੇ ਥੋੜੇ ਸਮੇਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਹੋ ਗਿਆ। ਤੀਰਥ-ਇਸ਼ਨਾਨ ਤੇ ਕਰਮ-ਕਾਂਡ ਵਿਸਰ ਗਏ, ਸਤਿਗੁਰੂ ਦੀ ਸੇਵਾ ਆਰੰਭ ਹੋ ਗਈ, ਜਿਸ ਨੇ ਸਦੀਵੀ ਖੇੜਾ ਅਤੇ ਆਤਮਕ ਅਨੰਦ ਨਾਲ ਸੁੰਨੀਆਂ ਝੋਲੀਆਂ ਲਬਾ ਲਬ ਭਰ ਦਿੱਤੀਆਂ।

ਆਪ ਜੀ ਦਾ ਚਲਾਇਆ ਲੰਗਰ ਜਾਤਿ ਪਾਤਿ ਤੋਂ ਅਛੂਤ ਅਤੇ ਰਾਣਾ-ਰੰਕ ਦੇ ਵਿਤਕਰੇ ਤੋਂ ਨਿਰਲੇਪ ਸੀ। ਇਕ ਪੰਗਤ ਵਿਚ ਚਾਰੇ ਵਰਣਾਂ ਦਾ ਬੈਠ ਕੇ ਪ੍ਰਸ਼ਾਦ ਛਕਣਾ, ਮਾਨਵਤਾ ਤੇ ਸਾਂਝੀਵਾਲਤਾ ਦਾ ਪ੍ਰਤੱਖ ਪ੍ਰਮਾਣ ਸੀ। ਅਕਬਰ ਬਾਦਸ਼ਾਹ ਨੂੰ ਗੁਰੂ-ਦਰਸ਼ਨ ਤੋਂ ਪਹਿਲਾਂ ਲੰਗਰ ਛਕਣ ਦੀ ਸ਼ਰਤ ਪੂਰਨ ਕਰਨੀ ਪਈ ਸੀ। ਇਸ ਲੰਗਰ ਦੀ ਨਿਸ਼ਕਾਮ ਸੇਵਾ ਤੇ ਅੰਮ੍ਰਿਤ-ਮਈ ਭੋਜਨ ਦੇ ਅਗੰਮੀ ਸੁਆਦ ਨੇ ਬਾਦਸ਼ਾਹ ਦੇ ਮਨ ਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਉਸਨੇ ਅਨੁਭਵ ਕੀਤਾ ਕਿ ਗੁਰੂ ਦਾ ਲਗਰ ਵਾਸਤਵ ਵਿੱਚ ਖਲਕਤ ਦੀ ਸੇਵਾ ਹੈ, ਜਿਸ ਵਿਚ ਆਪਣਾ ਹਿੱਸਾ ਪਾਉਣ ਲਈ ਉਸ ਨੇ ਜਾਗੀਰ ਦੇਣੀ ਚਾਹੀ। ਹਜ਼ੂਰ ਦੇ ਅਸਵੀਕਾਰ ਕਰਨ ਤੇ ਬਾਦਸ਼ਾਹ ਨੇ ਕੁਝ ਜ਼ਮੀਨ ਬੀਬੀ ਭਾਨੀ ਦੇ ਨਾਮ ਕਰ ਦਿੱਤੀ।

ਸੇਵਾ ਅਚੂਕ ਤੇ ਕਾਰੀ ਔਸ਼ਧੀ ਹੈ ਤੇ ਹਉਮੈ ਨਿਵਾਰਨ ਲਈ ਭਰੋਸੇ ਯੋਗ ਵਿਧੀ ਹੈ। ਜੋੜਿਆਂ ਦੀ ਸੇਵਾ, ਲੰਗਰ ’ਤੇ ਭਾਂਡੇ ਮਾਂਜਣ ਦੀ ਸੇਵਾ ਦਾ ਮੁੱਖ ਭਾਵ ਇਹੀ ਹੈ ਕਿ ਹੰਗਤਾ, ਮਾਨ ਅਭਿਮਾਨ ਦੀ ਭਾਵਨਾ ਖੰਡ ਖੰਡ ਹੋ ਜਾਵੇ। ਪਰ ਕਈ ਵਾਰ ਸੇਵਾ ਕਰਦਿਆਂ ਵੀ ਅਸੀਂ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਾਂ। ਇਸ ਦਸ਼ਾ ਵਿਚ ਗੁਰਦੇਵ ਜੀ ਦਾ ਫ਼ੁਰਮਾਨ ‘ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥’ ਮਨ ਵਿਚ ਦ੍ਰਿੜਾਉਣਾ ਬਣਦਾ ਹੈ। ਏਥੇ ਹੁਕਮ ਦੇ ਇਹ ਅਰਥ ਬਹੁਤ ਢੁੱਕਦੇ ਹਨ ਕਿ ਕੋਈ ਵੀ ਦਾਤਿ ਚਾਹੇ ਉਹ ਧਨ-ਦੌਲਤ, ਸ਼ਕਤੀ, ਪਦਵੀ ਹੋਵੇ, ਕੋਈ ਵੀ ਬਖਸ਼ਸ਼, ਸ੍ਰੇਸ਼ਟ ਬੁੱਧੀ, ਗਿਆਨ, ਸਿਆਣਪ ਜਾਂ ਸੂਝ-ਬੂਝ ਦੇ ਰੂਪ ਵਿਚ ਹੋਵੇ, ਉਹ ਪਰਮਾਤਮਾ ਦੇ ਹੁਕਮ ਨਾਲ ਪ੍ਰਾਪਤ ਹੁੰਦੀ ਹੈ, ਆਪਣੀ ਹਿੰਮਤ, ਮਿਹਨਤ, ਜੁਗਤੀ ਜਾਂ ਜਤਨ ਦਾ

ਫਲ ਨਹੀਂ ਹੁੰਦਾ। ਤਾਂ ਤੇ ਨਿਮਾਣੇ, ਮਸਕੀਨ, ਭੋਲੇ ਬਣ ਕੇ ਹਉਮੈ-ਰਹਿਤ ਕੀਤੀ ਸੇਵਾ ਹੀ ਮੇਰੇ ਸਤਿਗੁਰੂ ਨੂੰ ਭਾਉਂਦੀ ਹੈ -

*ਵਿਚਿ ਹਉਮੈ ਸੇਵਾ ਥਾਇ ਨ ਪਾਏ॥*
*ਜਨਮਿ ਮਰੈ ਫਿਰਿ ਆਵੈ ਜਾਏ॥*
*ਸੋ ਤਪੁ ਪੂਰਾ, ਸਾਈ ਸੇਵਾ, ਜੋ ਹਰਿ ਮੇਰੇ ਮਨਿ ਭਾਣੀ ਹੇ॥੧੧॥੨॥* *ਅੰਗ - ੧੦੭*

ਗੁਰਦੇਵ ਜੀ ਦੇ ਬਚਨ ਗਿਆਨ ਭਰੇ, ਸਾਰਥਕ ਤੇ ਸੱਚੇ ਹਨ ਕਿ ਅਭਿਮਾਨੀ ਪੁਰਸ਼ ਕਦੇ ਸ੍ਰੇਸ਼ਟ ਸੇਵਕ ਨਹੀਂ ਬਣ ਸਕਦਾ -

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥੨॥੯੬॥*
*ਅੰਗ - ੫੧*

ਸੇਵਕ ਦਾ ਮੁੱਖ ਕਰਤੱਵ ਹੁਕਮ ਨੂੰ ਬੁੱਝਣਾ ਤੇ ਕਮਾਉਣਾ ਹੈ। ਦਾਤਾਰ ਪਿਤਾ ਨੇ ਸੇਵਕ ਦੀ ਸੰਕਲਪਨਾ, ਵਿਸਥਾਰ ਸਹਿਤ ਦਰਸਾਈ ਹੈ -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸੁ ਕਉ ਹੋਤ ਪਰਾਪਤਿ ਸੁਆਮੀ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥੧੮॥*
*ਅੰਗ - ੨੮੬*

ਸੱਚਾ ਸੇਵਕ ਗੁਰੂ ਦੀ ਆਗਿਆ ਦਾ ਖਿੜੇ ਮੱਥੇ ਪਾਲਣ ਕਰਦਾ ਹੈ -

*ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥੨੫॥* *ਅੰਗ - ੭੫੮*

ਇਹ ਕਰਣੀ ਸੱਚੇ ਸੇਵਕ ਨੂੰ ਸ਼ੋਭਦੀ ਹੈ। ਸਤਿਕਾਰ ਵੀ ਕਰਨਾ ਤੇ ਨਾ-ਫ਼ੁਰਮਾਨੀ ਵੀ ਕਰਨੀ ਸੇਵਕ ਦੀ ਰੀਤੀ ਨਹੀਂ। ਉਸਤਤ ਨਿੰਦਾ, ਬੁਰਾਈ-ਭਲਾਈ ਵਿਚ ਸਹਜ ਅਵਸਥਾ ਵਿਚ ਵਿਚਰਨਾ, ਉਸ ਦੀ ਪਰਖ ਹੈ। ਸੇਵਾ ਕਰਦਿਆਂ, ਸਤਿਗੁਰੂ ਦੀ ਯਾਦ ਤੇ ਸਿਮਰਨ ਵਿਚ ਸਮਾਂ ਬਤੀਤ ਕਰਨਾ, ਸਮੇਂ ਨੂੰ ਸਫਲ ਬਣਾਉਣਾ ਹੈ। ਗੁਰ ਫ਼ੁਰਮਾਨ ਹੈ -

*ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥*
*ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ॥੮॥* *ਅੰਗ - ੪੩੨*

ਸੱਚਾ ਸੇਵਕ ਗੁਰੂ ਦੀ ਆਗਿਆ ਦਾ ਖਿੜੇ ਮੱਥੇ ਪਾਲਣ ਆਪ ਜੀ ਦੀ ਘਾਲ ਕਮਾਈ ਦਾ ਇਕ ਹੋਰ ਸ੍ਰੇਸ਼ਟ ਪੱਖ ਇਹ ਸੀ ਕਿ ਇਸ ਵਿਚ ਫਲ ਦੀ ਝਾਕ ਦਾ ਕੋਈ ਅੰਸ਼ ਨਹੀਂ ਸੀ। ਇਹ ਹਰੇਕ ਕਿਸਮ ਦੀ ਮੰਗ ਤੋਂ ਸੁਤੰਤਰ ਸੀ। ਅਜਿਹੀ ਕਠਨ ਸੇਵਾ ਸਿਰ ਬੈ ਕੀਤੇ ਬਿਨਾ ਨਹੀਂ ਹੁੰਦੀ। ਗੁਰ ਫ਼ੁਰਮਾਨ ਹੈ -

*ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥*
*ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ॥੧॥੧੮॥* *ਅੰਗ - ੬੪੮*

ਆਪ ਜੀ ਦੀ ਨਿਸ਼ਕਾਮ ਸੇਵਾ ਗੁਰੂ ਨਾਨਕ ਘਰ ਪਰਵਾਨ ਹੋ ਗਈ। ਹਜ਼ੂਰ ਦੀ ਕਰੜੀ ਘਾਲ ਤੋਂ ਸਤਿਗੁਰੂ ਪ੍ਰਸੰਨ ਹੋਏ ਕਿ ਆਪ ਨੂੰ ਸਗਲ ਸ੍ਰਿਸ਼ਟਿ ਦੇ ਪਾਤਸ਼ਾਹ ਬਣਾ ਦਿੱਤਾ। ਹਜ਼ੂਰ ਦਾ ਪਾਵਨ ਹੁਕਮ ਹੈ -

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥

*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥੧॥੧੪॥* *ਅੰਗ - ੬੪੭-੪੮*

ਗੁਰੂ-ਮਿਲਾਪ ਤੋਂ ਪਹਿਲਾਂ ਵੀ ਆਪ ਜੀ ਦਾ ਜੀਵਨ ਮਨੁੱਖੀ ਸੇਵਾ ਤੇ ਪਰਉਪਕਾਰ ਵਿਚ ਬੀਤਿਆ ਸੀ। ਗੁਰ-ਸਿਖ ਦੇ ਤੌਰਤੇ ਤਾਂ ਆਪ ਜੀ ਦਾ ਸਮੁੱਚਾ ਸਰੀਰ ਹੀ ਸੇਵਾ-ਸਰੂਪ ਦਾ ਨਮੂਨਾ ਰਿਹਾ ਸੀ। ਗੁਰ-ਗੱਦੀ ਦੀ ਪ੍ਰਾਪਤੀ ਤੋਂ ਬਾਅਦ ਆਪ ਨੇ ਨਾ-ਕੇਵਲ ਵਿਤ ਅਨੁਸਾਰ ਸੇਵਾ ਨੂੰ ਜਾਰੀ ਰੱਖਿਆ, ਬਲਕਿ ਸਾਰੀ ਸੰਗਤ ਵਿਚ ਅਥਾਹ ਸੇਵਾ, ਭਲਾਈ ਤੇ ਪਰਉਪਕਾਰ ਦਾ ਰੰਗ ਭਰ ਦਿਤਾ।

ਵਰਤਮਾਨ ਤੇ ਭਵਿੱਖ ਵਿਚ ਸ਼ਖ਼ਸੀ ਗੁਰਿਆਈ ਦੀ ਪਰੰਪਰਾ ਸਮਾਪਤ ਹੋ ਚੁੱਕੀ ਹੈ, ਉਸ ਦਾ ਅਸਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਥ ਤੇ ਪੰਜਾਂ ਪਿਆਰਿਆਂ ਨੇ ਲੈ ਲਿਆ ਹੈ। ਇਸ ਕਾਰਨ ਸਤਿਗੁਰੂ ਪ੍ਰਤੀ ਸਰੀਰਕ ਸੇਵਾ ਦਾ ਰੂਪ ਵੀ ਪਹਿਲੇ ਜੈਸਾ ਨਹੀਂ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਸੁਚੱਜੀ ਸੰਭਾਲ ਤੇ ਆਦਰ ਸਤਿਕਾਰ ਵੀ ਸੇਵਾ ਹੈ ਤੇ ਗੁਰ ਉਪਦੇਸ਼ ਸੁਣਨਾ, ਮੰਨਣਾ ਤੇ ਦ੍ਰਿੜ੍ਹ ਕਰਨਾ ਵੀ ਸੇਵਾ ਦਾ ਰੂਪ ਹੈ। ਇਸ ਪ੍ਰਤੀ ਪਾਵਨ ਹੁਕਮ ਨੂੰ ਕਮਾਉਣਾ ਗੁਰਸਿੱਖ ਦਾ ਆਦਰਸ਼ ਹੈ -

*ਹਰਿ ਕੀ ਟਹਲ ਕਮਾਵਣੀ, ਜਪੀਐ ਪ੍ਰਭ ਕਾ ਨਾਮੁ॥*
*ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ॥੧੫॥*
*ਅੰਗ - ੩੦੦*

## ਸਹਾਇਤਾ ਆਤਮ ਰੰਗ ਅਪ੍ਰੈਲ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱ੍ਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਅਖੰਡ ਕੀਰਤਨੀ ਜੱਥਾ, ਮੋਗਾ, ਮੋਗਾ ਸਮਾਗਮ ਤੇ | 7,500.00 |
| ◆ ਭਾਈ ਗੁਰਚਰਨ ਸਿੰਘ ਜੀ, ਚੰਡੀਗੜ੍ਹ | 3,000.00 |
| ◆ ਭਾਈ ਗੁਰਜਾਰ ਸਿੰਘ ਜੀ ਚੀਮਾ, ਕਰਤਾਰਪੁਰ | 500.00 |
| ◆ ਭਾਈ ਇਕਬਾਲ ਸਿੰਘ ਜੀ, ਮੇਰਠ, ਮੋਗਾ ਸਮਾਗਮ ਤੇ | 500.00 |
| ◆ ਗੁਪਤ ਸੇਵਾ, ਪਟਿਆਲਾ | 5,100.00 |
| **ਕੁਲ ਜੋੜ** | **26,600.00** |

### Statement of Income & Expenditure for the Month of April 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 13,000.00 |
| 3. Cost of envelops & Printing | 13,000.00 |
| 4. Cost of Sticker & Printing | 4,000.00 |
| 5. Previous balance | 62,982.00 |
| **Total Expenditure upto 30.04.2023** | **1,24,982.00** |
| Donation | 26,600.00 |
| Membership | - |
| Sale of Books | - |
| **Total Income** | **26,600.00** |
| **Expenditure** | **1,24,982.00** |
| **Income** | **26,600.00** |
| **Difference** | **(-) 98,382.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 15 ਮਈ |
| ਪੂਰਨਮਾਸ਼ੀ | 5 ਮਈ |
| ਮੱਸਿਆ | 19 ਮਈ |
| ਪੰਚਮੀ | 24 ਮਈ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ | 4 ਮਈ |
| ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 13 ਮਈ |
| ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ | 23 ਮਈ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

ਦੇ

# ਮਹਾਨ ਸ਼ਹੀਦੀ ਪੁਰਬ ਨੂੰ ਸਮਰਪਿਤ

# ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਹੁਸ਼ਿਆਰਪੁਰ

ਮਿਤੀ 20 ਮਈ 2023 ਦਿਨ ਸਨਿਚਰਵਾਰ ਤੋਂ 24 ਮਈ 2023 ਦਿਨ ਬੁੱਧਵਾਰ ਸਵੇਰ ਤੱਕ

ਸਨਿਮਰ ਬੇਨਤੀ ਹੈ ਕਿ ਹਮੇਸ਼ਾ ਦੀ ਤਰ੍ਹਾਂ ਇਸ ਸਾਲ ਵੀ **ਸਾਲਾਨਾ ਅਖੰਡ ਕੀਰਤਨ ਸਮਾਗਮ** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਣਗੇ ਜੀ। ਆਪ ਜੀ ਨੇ ਪਰਿਵਾਰ ਸਹਿਤ ਹਾਜਰੀ ਭਰਕੇ ਕੀਰਤਨ ਲਾਹੇ ਲੈਣਾ ਜੀ। ਪ੍ਰੋਗਰਾਮ ਇਸ ਪ੍ਰਕਾਰ ਹੋਣਗੇ ਜੀ।

| ਮਿਤੀ | ਦਿਨ | ਸਮਾਗਮ ਦਾ ਸਮਾਂ | | ਸਮਾਗਮ ਦਾ ਸਥਾਨ |
|---|---|---|---|---|
| 20-05-2023 | ਸਨਿਚਰਵਾਰ | ਸ਼ਾਮ 7-00 ਵਜੇ ਤੋਂ 9-00 ਵਜੇ ਤੱਕ | ਅਖੰਡ ਕੀਰਤਨ ਸਮਾਗਮ | ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਣਗੇ। |
| 21-05-2023 | ਐਤਵਾਰ | ਸਵੇਰੇ 4-00 ਵਜੇ ਤੋਂ 6-00 ਵਜੇ ਤੱਕ | ਕੀਰਤਨ ਆਸਾ ਦੀ ਵਾਰ | ਉਪਰੰਤ ਅਰੰਭ ਅਖੰਡ ਪਾਠ ਸਾਹਿਬ। |
| 21-05-2023 | ਐਤਵਾਰ | ਸ਼ਾਮ 7-00 ਵਜੇ ਤੋਂ 9-00 ਵਜੇ ਤੱਕ | ਅਖੰਡ ਕੀਰਤਨ ਸਮਾਗਮ | ਗੁਰਦੁਆਰਾ ਧਰਮਸ਼ਾਲਾ, ਮੁੱਹਲਾ ਪ੍ਰੇਮਗੜ੍ਹ ਵਿਖੇ ਹੋਣਗੇ। |

**ਨਗਰ ਕੀਰਤਨ** 22-05-2023 ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਤੋਂ ਦੁਪਿਹਰ ਬਾਅਦ 3:00 ਵਜੇ ਅਰੰਭ ਹੋਵੇਗਾ।

23-05-2023 ਮੰਗਲਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ

ਦਿਵਸ ਸੁਹੇਲਾ -- ਦੁਪਿਹਰ 2-30 ਤੱਕ ਅਖੰਡ ਕੀਰਤਨ ਦੇ ਪ੍ਰਵਾਹ ਚੱਲਣਗੇ।

ਅੰਮ੍ਰਿਤ ਸੰਚਾਰ - ਗੁਰਦੁਆਰਾ ਧਰਮਸ਼ਾਲਾ, ਪ੍ਰੇਮਗੜ੍ਹ ਵਿਖੇ ਸ਼ਾਮ 7:00 ਵਜੇ ਅਰੰਭ ਹੋਵੇਗਾ।

ਰੈਣ ਸਬਾਈ ਕੀਰਤਨ ਸ਼ਾਮ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਅਰੰਭ ਹੋਕੇ ਦਿਨ ਬੁੱਧਵਾਰ ਸਵੇਰੇ 4-00 ਵਜੇ ਸਮਾਪਤੀ ਹੋਵੇਗੀ।

ਬੇਨਤੀ :- 1. ਅਨੰਦ ਕਾਰਜ ਕਰਵਾਉਣ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ।
2. ਬਾਹਰੋਂ ਆਉਣ ਵਾਲੀ ਸੰਗਤਾਂ ਲਈ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਵੇਗਾ।
3. ਲੋੜ ਅਨੁਸਾਰ ਬਿਸਤਰੇ ਆਦਿ ਲੈਕੇ ਆਉ ਜੀ।
4. ਗੁਰੂ ਕੇ ਅਤੁੱਟ ਲੰਗਰ ਵਰਤਣਗੇ ਜੀ।

-: ਪ੍ਰਾਰਥਕ ਦਾਸਰੇ :-

**ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ** ਫੋਨ: 98151-31079, 99884-41535

**ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਰਜਿ:)** ਰੇਲਵੇ ਰੋਡ, ਹੁਸ਼ਿਆਰਪੁਰ।

ਫੋਨ: 01882-230345, 98152-34768 (ਪ੍ਰਧਾਨ ਜੀ)

# ਸਾਲਾਨਾ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰ੍ਹਾਂ ਪੰਜਵੇਂ ਗੁਰੂ
ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ
ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ

## ਅਖੰਡ ਕੀਰਤਨੀ ਜੱਥੇ ਵੱਲੋਂ

**ਮਿਤੀ 6 ਮਈ 2023, ਦਿਨ ਸ਼ਨੀਵਾਰ ਨੂੰ ਸ਼ਾਮ 5-00 ਵਜੇ**

**ਕਥਾ ਅਸਥਾਨ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ**

## ਸਾਲਾਨਾ
## ਰੈਣਿ ਸਬਾਈ ਕੀਰਤਨ

ਹੋਣਗੇ । ਜਿੰਨ੍ਹਾਂ ਦੀ ਸਮਾਪਤੀ 7 ਮਈ ਅੰਮ੍ਰਿਤ ਵੇਲੇ।

**ਅਖੰਡ ਕੀਰਤਨੀ ਜੱਥੇ ਪੰਜਾਬ, ਦਿੱਲੀ, ਚੰਡੀਗੜ੍ਹ ਅਤੇ ਦੂਰੋਂ ਨੇੜਿਓਂ ਪਹੁੰਚ ਰਹੇ ਹਨ ।**

ਆਪ ਸਭ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਆਪ ਆਪਣੇ ਪਰਿਵਾਰਾਂ
ਸੰਗੀਆਂ, ਸਾਥੀਆਂ ਸਮੇਤ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਆਇ ਦੀਦਾਰੇ ਬਖਸ਼ੋ ਜੀ ।

**ਗੁਰੂ ਕਾ ਲੰਗਰ ਰਾਮਗੜ੍ਹੀਆ ਬੁੰਗਾ ਵਿਖੇ ਅਤੁੱਟ ਵਰਤੇਗਾ**

ਸਹਿਯੋਗ: ਸ੍ਰੋ: ਗੁ: ਪ੍ਰ: ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ।

**ਦਾਸਰੇ:- ਅਖੰਡ ਕੀਰਤਨੀ ਜੱਥਾ ਤਰਨ ਤਾਰਨ**

ਸੰਪਰਕ ਨੰ: 98760-79024, 97799-07079, 97798-60435, 97796-30977

ਗੁਰਸਿਖਾਂਅੰਦਰਿਸਤਿਗੁਰੂਵਰਤੈਜੋਸਿਖਾਂਨੋਲੋਚੈਸੋਗੁਰਖੁਸੀਆਵੈ ॥



ਰੰਗਲੇ ਸੱਜਣ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ
ਅਤੇ ਪੁਰਾਤਨ ਗੁਰਸਿਖਾਂ ਦੀ ਪਿਆਰੀ, ਮਿਠੀ, ਨਿਘੀ ਯਾਦ ਵਿੱਚ

# ਸਾਲਾਨਾ ਅਖੰਡ ਕੀਰਤਨ ਸਮਾਗਮ

## 25 ਮਈ ਵੀਰਵਾਰ ਤੋਂ 28 ਮਈ ਐਤਵਾਰ 2023

**25 ਮਈ ਵੀਰਵਾਰ**

ਗੁਰੂ ਨਾਨਕ ਪਬਲਿਕ ਸਕੂਲ, ਰਾਜੌਰੀ ਗਾਰਡਨ
- ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ ਤੋਂ 8 ਵਜੇ ਤਕ
- ਉਪਰੰਤ ਅਰੰਭਤਾ ਸ਼੍ਰੀ ਅਖੰਡ ਪਾਠ ਸਾਹਿਬ

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ
- ਅਖੰਡ ਕੀਰਤਨ ਸਮਾਗਮ ਸ਼ਾਮ 7 ਵਜੇ ਤੋਂ 10 ਵਜੇ ਤਕ

**26 ਮਈ ਸ਼ੁਕਰਵਾਰ**

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ
- ਕੀਰਤਨ ਆਸਾ ਦੀ ਵਾਰ ਸਵੇਰੇ 6 ਵਜੇ ਤੋਂ ਦੁਪਹਿਰ ਤਕ
- ਅਖੰਡ ਕੀਰਤਨ ਸਮਾਗਮ ਸ਼ਾਮ 7 ਵਜੇ ਤੋਂ 10 ਵਜੇ ਤਕ

**27 ਮਈ ਸ਼ਨੀਵਾਰ**

ਗੁਰੂ ਨਾਨਕ ਪਬਲਿਕ ਸਕੂਲ, ਰਾਜੌਰੀ ਗਾਰਡਨ
- ਸਮਾਪਤੀ ਸ਼੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ
- ਕੀਰਤਨ ਆਸਾ ਦੀ ਵਾਰ ਸਵੇਰੇ 6 ਵਜੇ ਤੋਂ ਦੁਪਹਿਰ ਤਕ
- ਕੀਰਤਨ ਰੈਣਿ ਸਬਾਈ ਸ਼ਾਮ 7 ਵਜੇ ਤੋਂ 28 ਮਈ ਅੰਮ੍ਰਿਤ ਵੇਲੇ 4 ਵਜੇ ਤਕ

**ਅੰਮ੍ਰਿਤ ਸੰਚਾਰ**

ਗੁਰੂ ਨਾਨਕ ਪਬਲਿਕ ਸਕੂਲ
ਰਾਜੌਰੀ ਗਾਰਡਨ



27 ਮਈ ਸ਼ਨੀਵਾਰ ਸ਼ਾਮ 6 ਵਜੇ ਤੋਂ

**ਨੋਟ ਕਰੋ**

ਜਬ ਹਮਰੈ ਦਰਸ਼ਨ ਕੋ ਆਵਉ
ਬਨ ਸੁਚੇਤ ਤਨ ਸ਼ਸਤਰ ਸਜਾਵੋ

ਜ਼ਰੂਰੀਬੇਨਤੀ
ਕੀਰਤਨ ਸਮਾਗਮਾਂ ਤੇ ਗੁਰੂ ਕੇ ਬਾਣੇ ਵਿੱਚ
ਕਿਰਪਾਨ ਉਪਰੋਂ ਪਾ ਕੇ ਆਓ ਜੀਓ।

ਸਮੂੰਹ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਆਪ ਜੀ ਦੇਸ਼ਾਂ-ਵਿਦੇਸ਼ਾਂ ਤੋਂ ਆਏ ਗੁਰੂ ਕੇ ਕੀਰਤਨੀਆਂ ਨਾਲ ਹਰਿ ਜਸ ਕੀਰਤਨ ਦਾ ਲਾਹਾ ਲਵੋ ਅਤੇ ਗੁਰਸਿਖਾਂ ਦੇ ਦਰਸ਼ਨ ਕਰਦੇ ਹੋਏ ਗੁਰੂ ਸਾਹਿਬ ਦੀ ਗੋਦ ਦਾ ਨਿਘ ਮਾਣੋ ਜੀ।

**ਅੰਮ੍ਰਿਤ ਵੇਲਾ ਰਿਹਾਇਸ਼ ਅਤੇ ਲੰਗਰ**

ਅੰਮ੍ਰਿਤ ਵੇਲਾ 12 ਵਜੇ ਤੋਂ ਆਰੰਭ ਹੋਵੇਗਾ ਅਤੇ ਦੇਸ਼ਾਂ-ਵਿਦੇਸ਼ਾਂ ਤੋਂ ਆਈਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਗੁਰੂ ਨਾਨਕ ਪਬਲਿਕ ਸਕੂਲ ਰਾਜੌਰੀ ਗਾਰਡਨ ਵਿਖੇ ਹੋਵੇਗਾ ਜੀ।

ਅਖੰਡ ਕੀਰਤਨੀ ਜੱਥਾ ਦਿੱਲੀ (ਰਜਿ.) 9899006748, 9810363924
ਪੂਰਨ ਸਹਿਯੋਗੀ - ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ

LIVE
WWW.AKJ.ORG

# ਅਖੰਡ ਕੀਰਤਨ ਸਮਾਗਮ

ਮਿਤੀ 16.06.2023 ਨੂੰ ਕੀਰਤਨ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਜਿਨ੍ਹਾਂ ਦੇ ਭੋਗ ਅੰਮ੍ਰਿਤ ਵੇਲੇ 18.06.2023 ਨੂੰ ਪੈਣਗੇ, ਉਸ ਤੋਂ ਬਾਅਦ ਦਿਵਸ ਸੁਹੇਲਾ ਸਵੇਰੇ 6.00 ਵਜੇ ਤੋਂ ਦੁਪਹਿਰ 2.00 ਵਜੇ ਤੱਕ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਕੁਮਾਰਹੱਟੀ ਵਿਖੇ ਹੋਣਗੇ।ਸੰਗਤਾਂ ਪ੍ਰਤੀ ਪ੍ਰੇਮ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਹਾਜਰੀਆਂ ਭਰ ਕੇ ਖੁਸ਼ੀਆਂ ਲਈਆਂ ਜਾਣ ਤੇ ਇਸ ਪਵਿੱਦਰ ਅਸਥਾਨ ਤੇ ਦਰਸ਼ਨ-ਪਰਸਨ ਕਰਕੇ ਅਪਣਾ ਜੀਵਨ ਸਫਲਾ ਕੀਤਾ ਜਾਵੇ।ਜਿਸਦੇ ਪ੍ਰਬੰਧਕ ਅਤੀ ਰਿਣੀ ਤੇ ਧੰਨਵਾਦੀ ਹੋਣਗੇ।



**Live telecast at akj.org**

**ਦਾਸਰੇ: ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ**

**ਪ੍ਰਬੰਧਕ : ਗੁਰੂਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰਸਟ) ਕੁਮਾਰਹੱਟੀ**

98143-00245, 75289-00045, 87089-58920, 79869-79969, 82260-48000

## ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਸ਼ਿਮਲਾ

ਹਰ ਸਾਲ ਦੀ ਤਰ੍ਹਾਂ ਸ਼ਿਮਲਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 27.07.2023 ਤੋਂ ਲੈ ਕੇ 30.07.2023 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ ਵਿਖੇ ਹੋ ਰਹੇ ਹਨ, ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ।ਸੰਗਤਾਂ ਨੋਟ ਕਰ ਲੈਣ ਜੀ।

**ਦਾਸਰੇ : ਅਖੰਡ ਕੀਰਤਨ ਜੱਥਾ (ਰਜਿ.) ਚੰਡੀਗੜ੍ਹ।**

ਮੋਬਾਇਲ : 98143-00245, 7528900045, 8708958920, 9988802622, 96469-10555

## ਕੇਦੰਰੀ ਸਾਲਾਨਾ ਅੰਖਡ ਕੀਰਤਨ ਸਮਾਗਮ

### ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ

**12, 13, 14 ਅਤੇ 15 ਅਗਸਤ 2023**

**ਦਿਵਸ ਸੁਹੇਲਾ ਅਤੇ ਰੈਣ ਸਬਾਈ ਕੀਰਤਨ 14 ਅਗਸਤ ਸੋਮਵਾਰ 2023**

## ਗੁਣ ਗਾਵਤ ਗਾਵਤ ਭਏ ਨਿਹਾਲਾ ॥
## ਮਿਲਿ ਹਰਿ ਕੀਰਤਨੁ ਸੁਨੀਐ ਰਾਮ ।।।



















ਹਰ ਸਾਲ ਦੀ ਤਰ੍ਹਾਂ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 20.03.2023 ਤੋਂ ਲੈ ਕੇ 26.03.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਮੋਗਾ ਵੱਲੋਂ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ, ਦੋਸਾਂਝ ਰੋਡ, ਮੋਗਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Registered with the Registrar
of News Papers of India
Regd. No. R-70727/99

**ATAM RANG**
**MAY 2023**

Postal Regd. No.
CHDG/0025/2021-23

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥


















ਹਰ ਸਾਲ ਦੀ ਤਰ੍ਹਾਂ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 20.03.2023 ਤੋਂ ਲੈ ਕੇ 26.03.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਮੋਗਾ ਵੱਲੋਂ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ, ਦੋਸਾਂਝ ਰੋਡ, ਮੋਗਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।